ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਵੀਰਵਾਰ, ਮਿਤੀ 19 ਅਗਸਤ, 2010 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ

2. ਸ. ਮਨਦੀਪ ਸਿੰਘ,
   ਸਕੱਤਰ, ਉਚੇਰੀ ਸਿੱਖਿਆ ਵਿਭਾਗ

3. ਮਿਸਿਜ਼ ਜਸਮੀਤ ਕੌਰ,
   ਡੀ.ਪੀ.ਆਈ. (ਕਾਲਜਾਂ), ਪੰਜਾਬ

4. ਡਾ. ਸੁਰਿੰਦਰ ਸਿੰਘ
   ਡੀਨ, ਅਕਾਦਮਿਕ ਮਾਮਲੇ

5. ਡਾ. ਬਰਕਤ ਅਲੀ,
   ਡੀਨ, ਲੈਂਗੂਏਜ਼ਿਜ ਫੈਕਲਟੀ

6. ਡਾ. ਰਜਿੰਦਰਜੀਤ ਕੌਰ,
   ਡੀਨ, ਲਾਅ ਫੈਕਲਟੀ

7. ਡਾ. ਸੁਖਦੇਵ ਸਿੰਘ,
   ਡੀਨ, ਲਾਈਫ ਸਾਇੰਸਜ਼ ਫੈਕਲਟੀ

8. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗਰੇਜੀ ਵਿਭਾਗ

9. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ

10. ਡਾ. (ਸ੍ਰੀਮਤੀ) ਸੁਰੂਚੀ ਰਿਸ਼ੀ,
    ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਕਪੂਰਥਲਾ

11. ਸ. ਸੁਰਿੰਦਰ ਸਿੰਘ,
    ਪ੍ਰਿੰਸੀਪਲ, ਗੋਰਮਿੰਟ ਕਾਲਜ ਆਫ ਫਿਜੀਕਲ ਐਜੂਕਸ਼ਨ, ਪੱਟੀ (ਤਰਨ-ਤਾਰਨ)

12. ਡਾ. ਐਸ.ਐਸ. ਜੋਹਲ, ਲੁਧਿਆਣਾ।

13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਪਿਛਲੀ ਸਿੰਡੀਕੇਟ ਦੇ ਮੈਂਬਰ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਨਵੀਂ ਬਣੀ ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸਿੰਡੀਕੇਟ ਦੇ ਸਮੂਹ ਮੈਂਬਰ

ਸਾਹਿਬਾਨ ਉਨ੍ਹਾਂ ਨੂੰ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਸਮੂਹ ਮੈਂਬਰ ਸਾਹਿਬਾਨ ਨੇ ਵਾਈਸ-ਚਾਂਸਲਰ ਸਾਹਿਬ ਨੂੰ ਆਪਣੇ ਪੂਰਣ ਸਹਿਯੋਗ ਦਾ ਭਰੋਸਾ ਦੁਆਇਆ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 23.6.2010 ਦੀ ਕਾਰਵਾਈ ਦੀ ਸੋਧਾਂ/ਵਾਧੇ ਸਹਿਤ ਪੁਸ਼ਟੀ ।

1. ਮਿਤੀ 23.6.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਤੀ 23.6.2010 ਨੂੰ ਹੋਈ ਸਿੰਡੀਕੇਟ ਦੀ ਇੱਕਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ 7 ਅਤੇ 24 ਵਿਚ ਹੇਠ ਲਿਖੀਆਂ ਸੋਧਾਂ/ਵਾਧੇ ਸਹਿਤ ਕੀਤੀ ਜਾਂਦੀ ਹੈ:-

<u>ਪੈਰਾ 7</u>

ਮਤੇ ਵਿਚ ਸ਼ਬਦ 'ਬਿਲਮੁਕਤਾ ਮਾਸਿਕ ਤਨਖਾਹ' ਦੀ ਥਾਂ 'ਭੱਤਾ (ਸੇਵਾ ਫਲ)' ਪੜ੍ਹਿਆ ਜਾਵੇ।

<u>ਪੈਰਾ 24</u>

ਮੱਦ XI(ੳ) ਅਧੀਨ ਅੰਤਿਕਾ ਦੇ ਪੰਨਾ 15 ਉੱਤੇ ਕ੍ਰਮ ਨੰ: 2 ਤੋਂ ਬਾਅਦ ਕ੍ਰਮ ਨੰ: 2(ii), (iii), 3 ਅਤੇ 4 ਹੇਠ ਲਿਖੇ ਅਨੁਸਾਰ ਸ਼ਾਮਲ ਕੀਤੇ ਜਾਣ:-

| | | |
|---|---|---|
| 2. | ii) xxxxxxxxxx | 2 (ii) The students who will qualify the Ph.D. Eligibility test shall appear for an Interview to be conducted by the Board of Control (BOC)/ Research Degree Committee (RDC) (if there is no BOC). At the time of Interview, the students will discuss their research interest/area.<br>The number of students to be admitted to the Ph.D. programme will be notified by the University. However, the University can increase or decrease the number of seats depending upon the number of projects and research facilities available.<br><br>iii) While granting admission to the students to Ph.D. Programme, the Department will pay due attention to State Reservation policy. The UGC/CSIR/JRF awardees will be admitted irrespective of reservation category. If required, e.g. for the Ph.D. programme where the number of seats is less than 10, categories A to H may be clubbed together or into two or more groups of categories to arrive at a whole number for making admission. However, no one category will have more than one seat at the cost of any other reserved category, if two or more seats are available by clubbing. |

| | | |
|---|---|---|
| 3. | Allocation of Supervisor | Allocation of Supervisor |
| | xxxxxx | The allocation of supervisor for a selected student shall be decided by the BOC of the department / Research Degree Committee (If there is no BOC) in a formal manner, depending on the number of students per faculty member, the available specialization among the faculty supervisors, and the research interest of the student as indicated during interview by the student. The allotment/ allocation of supervisor shall not be left to the individual student or teacher. |
| 4. | Categories | Categories |
| | There shall be two categories of candidates admitted to this programme.<br><br>i) Full-Time: A person with scholarship/fellowship/study leave from an organization/ or without fellowship who is neither employed nor is pursuing any other course of studies and whose supervisor is working in the jurisdiction of this university.<br><br>ii) Part-Time: Any person who opts Part-Time in the enrolment form. | No Change<br><br>No Change<br><br>No Change |

ਮੱਦ XI(ਅ) ਅਧੀਨ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਜਾਵੇ:–

| **Present Ordinances** | **Proposed Ordinances** |
|---|---|
| 7. <u>Course Work</u><br><br>xxx xxx xxx<br><br>Further that the Ph.D. students who have done course work in M.Phil/ M.Tech./ LL.M./ M.D./ M.S. or any other degree which requires a minimum of seven years of education after Senior Secondary (10+2), even if different from that offered in Ph.D. shall be exempted from course work in Ph.D. to the extent of maximum of six credits, except that if a student has not done course on Research Methodolgy, he/she will have to clear this course in Ph.D. | 7. <u>Course Work</u><br><br>xxx xxx xxx<br><br>Further that the Ph.D. students who have done course work in M.Phil/ M.Tech./ LL.M./ M.D./ M.S./ <u>M.Pharmacy</u> or any other degree which requires a minimum of seven years of education after Senior Secondary (10+2), even if different from that offered in Ph.D. shall be exempted from course work in Ph.D. to the extent of maximum of six credits, except that if a student has not done course on Research Methodolgy, he/she will have to clear this course in Ph.D.<br><u>The syllabus for Pre Ph.D. course work will be drawn by the Board of Control/ Research Degree Committee</u> |

| | |
|---|---|
| | (if there is no BOC) and put up to the Academic Council for final approval. |

ਸਿੰਡੀਕੇਟ ਦੀ ਇਕੱਤਰਤਾ ਮਿਤੀ 23.6.2010 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 23.6.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

ਵਿਤ ਕਮੇਟੀ ਲਈ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੀ ਧਾਰਾ 16(1)(v) ਅਤੇ 16(2) ਅਧੀਨ ਮਿਤੀ 1.7.2010 ਤੋਂ 30.6.2012 ਤੱਕ ਦੇ ਸਮੇਂ ਲਈ ਵਿਤ ਕਮੇਟੀ ਦੇ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਬੰਧਤ ਵਿਅਕਤੀਆਂ ਨੂੰ ਵਿਦੇਸ਼ ਵਿਖੇ ਕਾਨਫ੍ਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਰਵੀ ਚੰਦ ਸਿੰਘ, ਐਸੋਸੀਏਟ ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ ਰੋਮ (ਇਟਲੀ) ਵਿਖੇ ਮਿਤੀ 13-17 ਸਤੰਬਰ, 2010 ਨੂੰ ਹੋ ਰਹੀ 'International Conference on Nanostructured Materials NANO 2010' ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40,000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

(ਅ) ਡਾ. ਦਲਬੀਰ ਸਿੰਘ ਸੋਗੀ, ਰੀਡਰ, ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਨੂੰ ਇਜ਼ਰਾਈਲ ਵਿਖੇ ਮਿਤੀ 10.5.2010 ਤੋਂ 8.6.2010 ਤੱਕ ਹੋਈ ' International Course on Climate Change and Desertification' ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40,000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੇਣ ਦੀ ਪਰਵਾਨਗੀ ਦਿੱਤੀ ਹੈ।

ਇਹ ਵੀ **ਪਾਸ ਹੋਇਆ** ਕਿ ਵਿਦੇਸ਼ਾ ਵਿਖੇ ਕਾਨਫ੍ਰੰਸਾਂ/ਕੋਰਸ ਵਿਚ ਭਾਗ ਲੈਣ ਵਾਲੇ ਅਧਿਆਪਕ ਵਾਪਸ ਪਰਤਣ ਤੇ ਉਹੀ ਲੈਕਚਰ ਆਪਣੀ ਕਲਾਸ ਅਤੇ ਫੈਕਲਟੀ ਵਿਚ ਦੇਣਗੇ। ਇਸ ਵਿਚ ਦੂਸਰੇ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਭਾਗ ਲੈਣ ਦੀ ਆਗਿਆ ਹੋਵੇਗੀ।

ਯੂਨੀਵਰਸਿਟੀ ਲੀਗਲ ਕੇਸਾਂ ਦੀ ਪੈਰਵੀ ਹਿਤ ਵਕੀਲਾਂ ਨੂੰ ਲੀਗਲ ਫੀਸਾਂ ਦੀ ਅਦਾਇਗੀ ਵਿਚ

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਹੇਠਲੀਆਂ ਅਦਾਲਤਾਂ ਵਿਚ ਯੂਨੀਵਰਸਿਟੀ ਲੀਗਲ ਕੇਸਾਂ ਦੀ ਪੈਰਵੀ ਹਿਤ ਵਕੀਲਾਂ ਨੂੰ

ਵਾਧਾ।

ਲੀਗਲ ਫੀਸਾਂ ਦੀ ਅਦਾਇਗੀ ਵਿਚ ਵਾਧਾ ਕਰਨ ਲਈ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 15.7.2010 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬਧੰਤ ਕੋਚਾਂ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਫਿਜੀਕਲ ਐਜੂਕੇਸ਼ਨ ਵਿਭਾਗ ਵਿਖੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 26.7.2010 ਦੀ ਇਕ ਦਿਨ ਦੀ ਬਰੇਕ ਦੇ ਕੇ ਮਿਤੀ 27.7.2010 ਤੋਂ 31.3.2011 ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ. ਬਲਦੇਵ ਸਿੰਘ, ਸਵੀਮਿੰਗ ਕੋਚ
2. ਸ. ਜਗਦੀਪ ਸਿੰਘ, ਵਾਲੀਬਾਲ ਕੋਚ
3. ਸ. ਲਖਵੀਰ ਸਿੰਘ, ਕਬੱਡੀ,/ਖੋ-ਖੋ/ਰੈਸਲਿੰਗ ਕੋਚ

ਸ. ਮਨਜੀਤ ਸਿੰਘ ਦੀ ਸਪੋਰਟਸ ਵਿਭਾਗ ਵਿਖੇ ਬਾਸਕਟ ਬਾਲ ਕੋਚ ਵਜੋਂ ਕੰਟ੍ਰੈਕਟ ਨਿਯੁਕਤੀ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ. ਮਨਜੀਤ ਸਿੰਘ, ਜੋ ਪੰਜਾਬ ਸਟੇਟ ਸਪੋਰਟਸ ਵਿਭਾਗ ਤੋਂ ਬਾਸਕਟ ਬਾਲ ਕੋਚ ਵਜੋਂ ਰਿਟਾਇਰ ਹੋਏ ਹਨ ਨੂੰ ਇਸ ਯੂਨੀਵਰਸਿਟੀ ਦੇ ਸਪੋਰਟਸ ਵਿਭਾਗ ਵਿਖੇ ਕੰਟ੍ਰੈਕਟ ਅਧਾਰ 'ਤੇ 14000/- ਰੁਪਏ ਪ੍ਰਤੀ ਮਹੀਨਾ ਬਿਲ-ਮੁਕਤਾ ਤਨਖਾਹ ਉਤੇ ਹਾਜ਼ਰ ਹੋਣ ਦੀ ਮਿਤੀ ਤੋਂ 30.3.2011 ਤੱਕ ਬਾਸਕਟ ਬਾਲ ਕੋਚ ਵਜੋਂ ਨਿਯੁਕਤ ਕੀਤਾ ਹੈ।

ਸ. ਅਮਰਜੀਤ ਸਿੰਘ, ਡਿਸਪੈਂਸਰ-ਕਮ-ਫਾਰਮਾਸਿਸਟ ਦੀ ਤਨਖਾਹ ਵਿਚ ਵਾਧੇ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ. ਅਮਰਜੀਤ ਸਿੰਘ, ਡਿਸਪੈਂਸਰ-ਕਮ-ਫਾਰਮਾਸਿਸਟ, ਯੂਨੀਵਰਸਿਟੀ ਹੈਲਥ ਸੈਂਟਰ ਦੀ ਤਨਖਾਹ ਵਿਚ ਮਿਤੀ 21.6.2010 ਤੋਂ 7000/- ਰੁਪਏ ਪ੍ਰਤੀ ਮਹੀਨਾ ਤੋਂ 10,000/-ਰੁਪਏ ਤੱਕ ਵਾਧਾ ਕੀਤਾ ਹੈ।

ਸਬੰਧਤ ਵਿਅਕਤੀਆਂ ਦੀ ਮੁੜ ਨਿਯੁਕਤੀ/ਵਾਧੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ -

(ੳ) ਸ਼੍ਰੀ ਰਿਤੂ ਰਾਜ ਕਪੂਰ, ਜਿਮਨਾਸਟਿਕ ਕੋਚ, ਸਪੋਰਟਸ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 30.6.2010 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ਅ) ਸ਼੍ਰੀ ਮੁਖਤਿਆਰ ਸਿੰਘ, ਸੀਨੀਅਰ ਲੈਬ ਟੈਕਨੀਸ਼ੀਅਨ(ਸੇਵਾ-ਮੁਕਤ) ਨੂੰ ਯੂਨੀਵਰਸਿਟੀ ਹੈਲਥ ਸੈਂਟਰ ਵਿਖੇ ਮਿਤੀ 29.7.2010 ਤੋਂ 28.1.2011 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ ਜੋ ਵੀ ਪਹਿਲਾਂ ਹੋਵੇ, ਹਾਜ਼ਰ ਹੋਣ ਦੀ ਮਿਤੀ ਤੋਂ 7900/- ਰੁਪਏ (ਬਿਲਮੁਕਤਾ) ਮਾਸਿਕ ਤਨਖਾਹ

ਉਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਕੰਟ੍ਰੈਕਟ ਅਧਾਰ ‘ਤੇ ਮੁੜ ਨਿਯੁਕਤ ਕੀਤਾ ਹੈ।

(ੲ) ਸ਼੍ਰੀ ਹਰਜੀਤ ਲਾਲ, ਸਾਬਕਾ ਫਿਜੀਓਥਰਾਪਿਸਟ, ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਨੂੰ ਮਿਤੀ 2.8.2010 ਤੋਂ 1.2.2011 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਹਾਜ਼ਰ ਹੋਣ ਦੀ ਮਿਤੀ ਤੋਂ 8300/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਉਕਤ ਵਿਭਾਗ ਵਿਖੇ ਫਿਜੀਓਥਰਾਪਿਸਟ ਵਜੋਂ ਮੁੜ ਨਿਯੁਕਤ ਕੀਤਾ ਹੈ।

**ਕਪੂਰਥਲਾ ਵਿਖੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿੱਠੜਾ, ਸਥਾਪਤ ਕਰਨ ਦੀ ਪੁਸ਼ਟੀ।**

10. ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ ਅਧੀਨ ਕਪੂਰਥਲਾ ਵਿਖੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਸਥਾਪਤ ਕਰਨ ਅਤੇ ਇਸ ਨੂੰ ਯੂਨੀਵਰਸਿਟੀ ਦੇ ਟੀਚਿੰਗ ਵਿਭਾਗ ਦੇ ਬਰਾਬਰ ਮੰਨਣ ਦੀ ਪਰਵਾਨਗੀ ਦਿੱਤੀ ਹੈ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ ਅਧੀਨ ਕਪੂਰਥਲਾ ਵਿਖੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਸਥਾਪਤ ਕਰਨ ਅਤੇ ਇਸ ਨੂੰ ਯੂਨੀਵਰਸਿਟੀ ਦੇ ਟੀਚਿੰਗ ਵਿਭਾਗ ਦੇ ਬਰਾਬਰ ਮੰਨਣ ਦੀ ਪਰਵਾਨਗੀ ਦਿੱਤੀ ਹੈ।

ਇਹ ਵੀ **ਨੋਟ** ਕੀਤਾ ਕਿ ਉਕਤ ਕਾਲਜ ਵਿਖੇ ਸੈਸ਼ਨ 2010-11 ਤੋਂ ਵਿਦਿਆਰਥੀਆਂ ਦਾ ਦਾਖਲਾ ਕੀਤਾ ਗਿਆ ਹੈ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ UGC ਵਲੋਂ ਪੰਜਾਬ ਨੂੰ ਅਲਾਟ ਕੀਤੇ ਗਏ 13 ਕਾਲਜਾਂ ਵਿਚੋਂ ਇਸ ਯੂਨੀਵਰਸਿਟੀ ਨੂੰ 3 ਕਾਲਜ ਅਲਾਟ ਹੋਏ ਹਨ; ਅਤੇ ਇਹ ਪਹਿਲੀ ਯੂਨੀਵਰਸਿਟੀ ਹੈ ਜਿਸ ਵੱਲੋਂ ਪੰਜਾਬ ਸਰਕਾਰ ਦੁਆਰਾ ਸਥਾਪਤ ਕੀਤੇ ਜਾਣ ਵਾਲੇ ਕਾਲਜਾਂ ਵਿਚੋਂ ਸਭ ਤੋਂ ਪਹਿਲਾਂ ਮਿਠੜਾ ਵਿਖੇ ਕਾਲਜ ਸ਼ੁਰੂ ਕੀਤਾ ਗਿਆ ਹੈ।

**ਸਿੰਡੀਕੇਟ ਵੱਲੋਂ ਇਸ ਦੀ ਪ੍ਰਸ਼ੰਸਾ ਕੀਤੀ ਗਈ।**

**ਯੂਨੀਵਰਸਿਟੀ ਵਿਭਾਗਾਂ ਵਿਖੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਯੂਥ ਵੈਲਫੇਅਰ ਫੀਸ ਵਿਚ ਵਾਧੇ ਦੀ ਪੁਸ਼ਟੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2010-11 ਤੋਂ ਯੂਨੀਵਰਸਿਟੀ ਵਿਭਾਗਾਂ ਵਿਖੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਕੋਲੋਂ ਲਈ ਜਾਣ ਵਾਲੀ ਯੂਥ ਵੈਲਫੇਅਰ ਫੀਸ 60/- ਰੁਪਏ ਤੋਂ ਵਧਾ ਕੇ 80/- ਰੁਪਏ ਕਰਨ ਦੀ ਆਗਿਆ ਦਿੱਤੀ ਹੈ।

**ਲੈਕਚਰਾਰ ਅਤੇ ਇਸ ਦੇ ਬਰਾਬਰ ਦੀਆਂ ਅਸਾਮੀਆਂ ਉਤੇ ਭਰਤੀ ਲਈ ਸਕੋਰ ਕਾਰਡ ਪ੍ਰੋਫਾਰਮਾ ਦੀ ਪਰਵਾਨਗੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਅਤੇ ਇਸ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਲੈਕਚਰਾਰ ਅਤੇ ਇਸ ਦੇ ਬਰਾਬਰ ਦੇ ਕੇਡਰ ਦੀਆਂ ਅਸਾਮੀਆਂ ‘ਤੇ ਨਿਯੁਕਤੀ ਲਈ ਪ੍ਰਵਾਨਤ ਸਕੋਰ ਕਾਰਡ ਪ੍ਰੋਫਾਰਮੇ ਨੂੰ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 19.7.2010 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸਿੰਡੀਕੇਟ ਵੱਲੋਂ ਇਸ ਦੀ ਪ੍ਰਸ਼ੰਸਾ ਕੀਤੀ ਗਈ।**

ਵਾਪਸ ਲਈ ਗਈ ਮੱਦ।

13. ਹੇਠ ਲਿਖੀ ਮੱਦ ਵਾਪਸ ਲਈ ਗਈ:-

"13. ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ/ਸਹਾਇਕ ਰਜਿਸਟਰਾਰ ਅਤੇ ਹੋਰ ਅਧਿਕਾਰੀਆਂ ਨੂੰ ਪ੍ਰਮੋਸ਼ਨ/ਪਲੇਸਮੈਂਟ ਸਬੰਧੀ ਨਿਰਧਾਰਤ ਜਨਰਲ ਓਰੀਐਂਟੇਸ਼ਨ ਕੋਰਸ/ਰਿਫਰੈਸ਼ਰ ਕੋਰਸ ਅਟੈਂਡ ਕਰਨ ਲਈ ਮਿਤੀ 30.6.2009 ਤੋਂ ਬਾਅਦ ਰੈਗੂਲੇਸ਼ਨ 2010 ਦੇ ਜਾਰੀ ਹੋਣ ਤੱਕ ਦਾ ਸਮਾਂ ਦੇਣ ਸਬੰਧੀ ਯੂ.ਜੀ.ਸੀ. ਵੱਲੋਂ ਜਾਰੀ ਪੱਤਰ ਨੰ: F.2-16/2002(PS) ਮਿਤੀ 3.6.2010 (**ਅੰਤਿਕਾ** ਅਨੁਸਾਰ) ਇਸ ਯੂਨੀਵਰਸਿਟੀ ਅਤੇ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਲਾਗੂ ਕਰਨ 'ਤੇ ਵਿਚਾਰ ਕਰਨੀ"

ਡਾ. ਇੰਦਰਜੀਤ ਸਿੰਘ, ਰਜਿਸਟਰਾਰ ਨੂੰ ਸੀ.ਪੀ. ਐਫ. ਦਾ ਮੈਂਬਰ ਬਣਾਉਣ ਦੀ ਪਰਵਾਨਗੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਇੰਦਰਜੀਤ ਸਿੰਘ, ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਬੇਨਤੀ ਨੂੰ ਮੁਖ ਰੱਖਦਿਆਂ ਉਨ੍ਹਾਂ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 84 ਦੀ ਮੱਦ 3(c) ਅਧੀਨ ਇਸ ਯੂਨੀਵਰਸਿਟੀ ਵਿਖੇ ਸੀ.ਪੀ. ਐਫ. ਦਾ ਮੈਂਬਰ ਨਿਯੁਕਤੀ ਦੀ ਮਿਤੀ (ਭਾਵ ਮਿਤੀ 27.10.2009) ਤੋਂ ਬਨਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

AICTE ਸਕੀਮ ਅਧੀਨ ਨਿਯੁਕਤ ਅਧਿਆਪਕਾਂ ਦੇ ਤਨਖਾਹ ਸਕੇਲ ਸੋਧਣ ਲਈ ਪੰਜਾਬ ਸਰਕਾਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦਾ ਨੋਟੀਫਿਕੇਸ਼ਨ ਅਡਾਪਟ ਕੀਤਾ ਗਿਆ।

15. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਡਿਟ ਦੀ ਲੋੜ੍ਹ ਨੂੰ ਮੁੱਖ ਰੱਖਦਿਆਂ AICTE ਸਕੀਮ ਅਧੀਨ ਨਿਯੁਕਤ ਅਧਿਆਪਕਾਂ ਦੇ ਤਨਖਾਹ ਸਕੇਲ ਮਿਤੀ 1.1.2006 ਤੋਂ ਸੋਧਣ ਲਈ ਸਿੰਡੀਕੇਟ ਦੀ ਇੱਕਤਰਤਾ ਮਿਤੀ 4.2.2010 ਦੇ ਪੈਰਾ 51(ੳ) ਰਾਹੀਂ AICTE ਵੱਲੋਂ ਜਾਰੀ ਨੋਟੀਫਿਕੇਸ਼ਨ ਨੂੰ ਅਡਾਪਟ ਕਰਨ ਦੀ ਬਜਾਏ ਪੰਜਾਬ ਸਰਕਾਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 2/259/09-4 ਟੀ.ਈ.2/2581 ਮਿਤੀ 18.6.2010 **ਅੰਤਿਕਾ** ਅਨੁਸਾਰ ਅਡਾਪਟ ਕੀਤਾ ਜਾਂਦਾ ਹੈ।

ਵਾਪਸ ਲਈ ਗਈ ਮੱਦ।

16. ਹੇਠ ਲਿਖੀ ਮੱਦ ਵਾਪਸ ਲਈ ਗਈ:-

"16. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਕਰਨੀ ਕਿ ਯੂਨੀਵਰਸਿਟੀ ਕੈਲੰਡਰ 2008 ਜਿਲਦ ਦੂਜੀ, ਪਾਰਟ ਬੀ, ਪੰਨਾ 205 ਉਤੇ ਐਮ.ਐਸ.ਸੀ. (ਐਗਰੀਕਲਚਰ) ਦਾ ਥੀਸਿਸ ਜਮ੍ਹਾਂ ਕਰਾਉਣ ਸਬੰਧੀ ਅਧਿਆਦੇਸ਼ ਵਿਚ **ਅੰਤਿਕਾ** ਅਨੁਸਾਰ ਸੋਧ ਕੀਤੀ ਜਾਵੇ।"

ਵਾਪਸ ਲਈ ਗਈ ਮੱਦ।

17. ਹੇਠ ਲਿਖੀ ਮੱਦ ਵਾਪਸ ਲਈ ਗਈ:-

"17. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਕਰਨੀ ਕਿ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ, ਭਾਗ ਬੀ ਦੇ ਪੰਨਾ 359 ਉਤੇ ਐਮ.ਐਡ. ਦਾ ਡੈਜ਼ਰਟੇਸ਼ਨ ਜਮ੍ਹਾਂ ਕਰਾਉਣ ਸਬੰਧੀ ਅਧਿਆਦੇਸ਼ ਵਿਚ **ਅੰਤਿਕਾ** ਅਨੁਸਾਰ ਸੋਧ ਕੀਤੀ ਜਾਵੇ"

ਮਾਤਾ ਨਾਨਕੀ ਗਰਲਜ਼ ਹੋਸਟਲ ਨੰਬਰ 2 ਦਾ ਨਕਾਰਾ ਅਤੇ ਨਾ ਵਰਤੋਂ ਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਾਤਾ ਨਾਨਕੀ ਗਰਲਜ਼ ਹੋਸਟਲ ਨੰਬਰ 2 ਵਿਖੇ ਵੱਖ-ਵੱਖ ਸਮੇਂ ਖ੍ਰੀਦਿਆ ਗਿਆ 68,839/-ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007,

ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਮੁਖੀ, ਅਧਿਆਪਨ ਵਿਭਾਗ ਨੂੰ 3000/- ਰੁਪਏ ਦੀ ਸਟੇਸ਼ਨਰੀ ਦੀ ਖ਼ੀਦ ਲਈ ਦਿੱਤੇ ਅਧਿਕਾਰ ਸਬੰਧੀ ਕੈਲੰਡਰ ਦੀ ਵਿਵਸਥਾ ਬਾਰੇ ਨੋਟ **delete** ਕਰਨ ਦੀ ਪਰਵਾਨਗੀ।

19. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 134 ਉੱਤੇ ਮੁਖੀ, ਅਧਿਆਪਨ ਵਿਭਾਗ ਨੂੰ 3000/- ਰੁਪਏ ਤੱਕ ਦੀ ਸਟੇਸ਼ਨਰੀ ਦੀ ਖ਼ੀਦ ਲਈ ਦਿੱਤੇ ਅਧਿਕਾਰ ਸਬੰਧੀ ਹੇਠ ਲਿਖਿਆ ਨੋਟ delete ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

"Stationery shall be supplied by the University office for which the Head of the Department shall send an indent to the Registrar. The supply will be made according to the requirements of the Department subject to the availability of the Budget provision."

ਇਹ ਵੀ **ਪਾਸ ਹੋਇਆ** ਕਿ ਖ਼ੀਦ ਪ੍ਰਣਾਲੀ ਵਿਚ ਸੁਧਾਰ ਹਿਤ ਕਮੇਟੀ ਦਾ ਗਠਨ ਕੀਤਾ ਜਾਵੇ। ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਬੰਧਤ ਅਧਿਆਦੇਸ਼ਾਂ ਵਿਚ ਸੋਧ।

20. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ Credit Based Evaluation System ਅਧੀਨ ਸੈਸ਼ਨ 2010-11 ਤੋਂ ਸਮੈਸਟਰ ਪ੍ਰਣਾਲੀ ਅਧੀਨ ਬੀ.ਟੈਕ. (ਫੂਡ ਟੈਕਨਾਲੋਜੀ) ਅਤੇ ਐਮ.ਐਸ.ਸੀ. (ਫੂਡ ਟੈਕਨਾਲੋਜੀ) ਦੇ ਸੁਝਾਏ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

(ਅ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ Credit Based Evaluation System ਅਧੀਨ ਸੈਸ਼ਨ 2010-11 ਤੋਂ ਬੀ.ਟੈਕ. ਸ਼ੂਗਰ ਤੇ ਅਲਕੋਹਲ ਟੈਕਨਾਲੋਜੀ, ਬੀ.ਟੈਕ. ਟੈਕਸਟਾਈਲ ਕੈਮਿਸਟਰੀ ਅਤੇ ਐਮ.ਟੈਕ. ਟੈਕਸਟਾਈਲ ਕੈਮਿਸਟਰੀ ਦੇ ਸੁਝਾਏ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

ਵਾਪਸ ਲਈ ਗਈ ਮੱਦ।

21. ਹੇਠ ਲਿਖੀ ਮੱਦ ਵਾਪਸ ਲਈ ਗਈ:-

"21. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਡਾ. ਐਚ.ਐਸ. ਬੇਦੀ, ਪ੍ਰੋਫੈਸਰ, ਹਿੰਦੀ ਵਿਭਾਗ ਵਿਰੁੱਧ ਪੀ.ਐਚ.ਡੀ. ਖੋਜ ਕਾਰਜਾਂ ਵਿਚ ਨਕਲ (plagiarism) ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਰਾਹੀਂ ਲਏ ਨਿਰਣੇ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਵੇ:-

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| xxx | xxx |
| ਕੇਸ ਨੂੰ ਸਾਰੇ ਪੱਖਾਂ ਤੋਂ ਵਿਚਾਰਨ | ਕੇਸ ਨੂੰ ਸਾਰੇ ਪੱਖਾਂ ਤੋਂ ਵਿਚਾਰਨ ਉਪਰੰਤ |

| | |
|---|---|
| ਉਪਰੰਤ ਸਿੰਡੀਕੇਟ ਨੇ ਨਿਰਣਾ ਲਿਆ ਕਿ ਡਾ. ਐਚ.ਐਸ. ਬੇਦੀ ਵੱਲੋਂ ਪੀ.ਐਚ.ਡੀ. ਥੀਸਿਸ ਲਈ ਖੋਜ ਕਾਰਜਾਂ ਵਿਚ ਨਕਲ (plagiarism) ਕਰਕੇ ਉਸ ਨੂੰ ਅੱਗੇ ਤੋਂ ਸੁਚੇਤ ਰਹਿਣ ਲਈ ਵਾਰਨਿੰਗ ਦਿੱਤੀ ਜਾਂਦੀ ਹੈ ਅਤੇ ਸੇਵਾ-ਮੁਕਤ ਹੋਣ ਉਪਰੰਤ ਅੱਗੋਂ ਮੁੜ ਨਿਯੁਕਤ ਨਾ ਕੀਤਾ ਜਾਵੇ। | ਸਿੰਡੀਕੇਟ ਨੇ ਨਿਰਣਾ ਲਿਆ ਕਿ ਡਾ. ਐਚ.ਐਸ. ਬੇਦੀ ਵੱਲੋਂ ਡੀ.ਲਿੱਟ. ਥੀਸਿਸ ਲਈ ਖੋਜ ਕਾਰਜਾਂ ਵਿਚ ਨਕਲ (plagiarism) ਕਰਕੇ ਉਸ ਨੂੰ ਅੱਗੇ ਤੋਂ ਸੁਚੇਤ ਰਹਿਣ ਲਈ ਵਾਰਨਿੰਗ ਦਿੱਤੀ ਜਾਂਦੀ ਹੈ ਅਤੇ ਸੇਵਾ-ਮੁਕਤ ਹੋਣ ਉਪਰੰਤ ਅੱਗੋਂ ਮੁੜ ਨਿਯੁਕਤ ਨਾ ਕੀਤਾ ਜਾਵੇ। |

ਯੂਨੀਵਰਸਿਟੀ ਅਤੇ ਕਾਲਜਾਂ ਵਿਖੇ ਅਧਿਆਪਕਾਂ ਅਤੇ ਅਕਾਦਮਿਕ ਸਟਾਫ ਦੀ ਨਿਯੁਕਤੀ ਲਈ ਯੋਗਤਾਵਾਂ ਅਤੇ ਮਿਆਰ ਬਾਰੇ ਪ੍ਰਕ੍ਰਿਆ ਆਦਿ ਸਬੰਧੀ ਯੂ.ਜੀ.ਸੀ. ਦਾ ਪੱਤਰ ਅਡਾਪਟ ਕੀਤਾ ਗਿਆ।

22. ਯੂਨੀਵਰਸਿਟੀ ਅਤੇ ਕਾਲਜਾਂ ਵਿਖੇ ਅਧਿਆਪਕਾਂ ਅਤੇ ਅਕਾਦਮਿਕ ਸਟਾਫ ਦੀ ਨਿਯੁਕਤੀ ਆਦਿ ਲਈ ਘੱਟੋ-ਘੱਟ ਯੋਗਤਾਵਾਂ ਅਤੇ ਮਿਆਰ ਬਾਰੇ ਪ੍ਰਕ੍ਰਿਆ ਸਬੰਧੀ ਯੂ.ਜੀ.ਸੀ. ਦੁਆਰਾ ਜਾਰੀ ਪੱਤਰ ਨੰ: F.3-1/2009 ਮਿਤੀ 30.6.2010 ਦੇ ਅਧਾਰ ਉੱਤੇ ਯੋਗਤਾਵਾਂ (**ਅੰਤਿਕਾ** ਅਨੁਸਾਰ) ਅਡਾਪਟ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਯੂਨੀਵਰਸਿਟੀ ਅਤੇ ਕਾਲਜਾਂ ਵਿਖੇ ਅਧਿਆਪਕਾਂ ਅਤੇ ਅਕਾਦਮਿਕ ਸਟਾਫ ਦੀ ਨਿਯੁਕਤੀ ਆਦਿ ਲਈ ਘੱਟੋ-ਘੱਟ ਯੋਗਤਾਵਾਂ ਅਤੇ ਮਿਆਰ ਬਾਰੇ ਪ੍ਰਕ੍ਰਿਆ ਸਬੰਧੀ ਯੂ.ਜੀ.ਸੀ. ਦੁਆਰਾ ਜਾਰੀ ਪੱਤਰ ਨੰ: F.3-1/2009 ਮਿਤੀ 30.6.2010 ਦੇ ਅਧਾਰ ਉੱਤੇ ਵੱਖ-ਵੱਖ ਅਸਾਮੀਆਂ ਲਈ ਯੋਗਤਾਵਾਂ, ਸਿਲੈਕਸ਼ਨ ਕਮੇਟੀਆਂ, ਚੋਣ ਲਈ ਗਾਈਡਲਾਈਨਜ਼ ਅਤੇ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤਰੱਕੀ ਸਬੰਧੀ ਨਿਯਮ **ਅੰਤਿਕਾ** ਅਨੁਸਾਰ ਅਡਾਪਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਇਸ ਸਬੰਧੀ ਉਚੇਰੀ ਸਿੱਖਿਆ ਵਿਭਾਗ, ਪੰਜਾਬ ਨੂੰ ਵੀ ਸੂਚਨਾ ਭੇਜ ਦਿੱਤੀ ਜਾਵੇ ਅਤੇ ਨਾਲ ਹੀ ਬੇਨਤੀ ਕੀਤੀ ਜਾਵੇ ਕਿ ਅਕਾਦਮਿਕ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਯੂ.ਜੀ.ਸੀ. ਵੱਲੋਂ ਜਾਰੀ ਉਪਰੋਕਤ ਰੈਗੂਲੇਸ਼ਨਜ਼ ਵਿਚ ਦਰਜ ਦੂਜੀਆਂ ਸਿਫ਼ਾਰਸ਼ਾਂ ਨੂੰ ਅਡਾਪਟ ਕਰਨ ਲਈ ਜਲਦੀ ਤੋਂ ਜਲਦੀ ਪਰਵਾਨਗੀ ਭੇਜਣ ਦੀ ਕਿਰਪਾ ਕੀਤੀ ਜਾਵੇ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

23. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਰਾਜੇਸ਼ ਕਾਲੀਆ | Displacement and Rehabilitation: A Sociological Study of Galiara Scheme in Amritsar. | ਸੋਸ਼ਿਆਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ। |
| 2. | ਸੁਖਬੀਰ ਸਿੰਘ | Inter-Caste and Inter Community Relationships: A Sociological Study of Impact of Partition of India. | - ਉਹੀ - |
| 3. | ਨਿਸ਼ਾ ਛਾਬੜਾ | Delinquency in Relation to Learning Disabilities, Personality and Family Environment. | ਸਾਈਕਾਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ। |

| | | | |
|---|---|---|---|
| 4. | ਦਿਵਿਆ ਅਰੋੜਾ | Regioselective Elaboration of 3,4-Dihydropyrimidine-2-(1*H*)-ones and Related Systems. | ਅਪਲਾਈਡ ਕੈਮੀਕਲ ਸਾਇੰਸਜ਼ ਤੇ ਟੈਕਨਾਲੋਜੀ-ਅਪਲਾਈਡ ਸਾਇੰਸਜ਼ ਫ਼ੈਕਲਟੀ। |
| 5. | ਪਰਸ਼ੋਤਮ ਸ਼ਰਮਾ | Study of Microwave Propagation at 30 GHz in Amritsar Region. | ਇਲੈਕਟ੍ਰੋਨਿਕਸ-ਅਪਲਾਈਡ ਸਾਇੰਸਜ਼ ਫ਼ੈਕਲਟੀ। |
| 6. | ਅਸੀਆ ਨਜੀਰ | Study of Cellulases from Aspergillus terreus: Production, Purification and Characterization | ਮਾਈਕ੍ਰੋਬਿਆਲੋਜੀ-ਲਾਈਫ ਸਾਇੰਸਜ਼ ਫੈਕਲਟੀ। |

ਵਾਈਸ-ਚਾਂਸਲਰ ਸਾਹਿਬ ਦਾ ਬਿਆਨ।

24. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਇਸ ਵਾਰ ਸਾਡੇ ਸਾਰੇ ਦਾਖਲੇ ਆਨਲਾਈਨ ਸਫਲਤਾਪੂਰਵਕ ਸੰਪੰਨ ਹੋ ਚੁੱਕੇ ਹਨ।

2. ਕ੍ਰੈਡਿਟ ਬੇਸਡ ਇਵੈਲਿਊਏਸ਼ਨ ਸਿਸਟਮ ਇਸ ਅਕਾਦਮਿਕ ਵਰ੍ਹੇ ਤੋਂ implement ਕਰਨ ਲਈ ਸਾਰੇ ਪ੍ਰਬੰਧ ਪੂਰੇ ਹੋ ਚੁੱਕੇ ਹਨ।

3. ਪੇਂਡੂ ਪਿਛੋਕੜ ਵਾਲੇ 50 ਬੱਚਿਆਂ ਨੂੰ +1 ਅਤੇ +2 ਵਿਚ ਮਿਆਰੀ ਸਿਖਿਆ ਮੁਹੱਈਆ ਕਰਾਉਣ ਅਤੇ ਉਨ੍ਹਾਂ ਨੂੰ ਆਈ.ਆਈ.ਟੀ. ਵਿਚ ਦਾਖਲੇ ਲਈ ਦਾਖਲਾ ਪ੍ਰੀਖਿਆ ਦੀ ਤਿਆਰੀ ਕਰਨ ਵਾਸਤੇ ਬਣੀ ਪ੍ਰੋਗਰੈਸਿਵ ਐਜੂਕੇਸ਼ਨਲ ਸੁਸਾਇਟੀ ਨੇ ਖਾਲਸਾ ਕਾਲਜ ਪਬਲਿਕ ਸਕੂਲ ਵਿਖੇ ਦਾਖਲ ਕਰਨ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਹੈ ਅਤੇ 2 ਅਗਸਤ ਤੋਂ ਕਲਾਸਾਂ ਸ਼ੁਰੂ ਹੋ ਗਈਆਂ ਹਨ। ਦਾਖਲ ਕੀਤੇ ਬੱਚਿਆਂ ਦੀ ਪੜ੍ਹਾਈ, ਰਿਹਾਇਸ਼ ਅਤੇ ਖਾਣ-ਪੀਣ ਦਾ ਸਾਰਾ ਖਰਚਾ ਸੁਸਾਇਟੀ ਵੱਲੋਂ ਕੀਤਾ ਜਾਣਾ ਹੈ।

4. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਰੈਵਲਗੋਨ, ਨੈਕਟਰ ਲਾਈਫ ਸਾਇੰਸਜ਼, ਵਿਪਰੋ ਟੈਕਨਾਲੌਜੀ, ਰੈਨਬੈਕਸੀ, ਮੋਟਰੋਲਾ, ਡਾਟਾ ਸੋਫਟੈਕ ਅਤੇ ਰਿਆਤ ਬਾਹਰਾ ਗਰੁਪ ਆਫ ਇੰਸਟੀਚਿਊਸ਼ਨਜ਼ ਵੱਲੋਂ ਵੱਖ-ਵੱਖ ਕੋਰਸਾਂ ਦੇ ਬੈਚ 2010 ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ ਤੇ ਪਲੇਸਮੈਂਟ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਅਧੀਨ ਕੁਲ 55 ਵਿਦਿਆਰਥੀਆਂ ਨੂੰ ਨੌਕਰੀਆਂ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2010 ਦੇ 461 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

5. ਯੂਨੀਵਰਸਿਟੀ ਵਿਖੇ ਸਪੋਟਰਸ ਅਥਾਰਟੀ ਆਫ ਇੰਡੀਆ ਦੇ ਸਹਿਯੋਗ ਨਾਲ ਇਸਤਰੀਆਂ ਦਾ ਆਲ ਇੰਡੀਆ ਹੈਂਡਬਾਲ ਕੋਚਿੰਗ ਕੈਂਪ ਆਯੋਜਿਤ ਕੀਤਾ ਗਿਆ ਹੈ। ਇਸ ਕੈਂਪ ਵਿਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ 30 ਖਿਡਾਰਨਾਂ ਭਾਗ ਲੈ ਰਹੀਆਂ ਹਨ।

6. ਯੂਨੀਵਰਸਿਟੀ ਦੇ ਬਾਲਗ ਨਿਰੰਤਰ ਸਿਖਿਆ ਤੇ ਵਿਸਥਾਰ ਵਿਭਾਗ 'ਚ ਡਰੈਸ ਡਿਜ਼ਾਇਨਿੰਗ, ਕਟਿੰਗ ਐਂਡ ਟੇਲਰਿੰਗ ਤੇ ਟੈਕਸਟਾਈਲ ਡਿਜ਼ਾਇਨਿੰਗ ਕੋਰਸਾਂ ਦੀਆਂ ਵਿਦਿਆਰਥਣਾਂ ਵੱਲੋਂ ਵੱਖ-ਵੱਖ ਕਿਸਮ ਦੇ ਤਿਆਰ ਕੀਤੇ ਗਾਰਮੈਂਟਸ ਤੇ ਹੋਰ ਵਸਤੂਆਂ ਦੀ ਮਿਤੀ 29-30 ਜੂਨ, 2010 ਨੂੰ ਪ੍ਰਦਰਸ਼ਨੀ ਲਗਾਈ ਗਈ।

7. ਯੂਨੀਵਰਸਿਟੀ ਵੱਲੋਂ ਮਿੱਠੜਾ (ਕਪੂਰਥਲਾ) ਵਿਖੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਸਥਾਪਿਤ ਕੀਤਾ ਗਿਆ ਹੈ, ਜਿਸ ਦੇ ਪ੍ਰੋਫੈਸਰ ਇੰਚਾਰਜ਼ ਡਾ. ਮਨਿੰਦਰ ਸਿੰਘ ਹੁੰਦਲ, ਡੀਨ, ਕਾਲਜ ਵਿਕਾਸ ਕੌਂਸਲ, ਨੂੰ ਲਗਾਇਆ ਗਿਆ ਹੈ।

8. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 2 ਜੁਲਾਈ, 2010 ਤੋਂ ਪੰਜਾਬੀ ਅਧਿਐਨ: ਵਰਤਮਾਨ ਝੁਕਾਅ (ਭਾਸ਼ਾ, ਸਾਹਿਤ, ਲੋਕਧਾਰਾ ਅਤੇ ਸਭਿਆਚਾਰ ਦੇ ਸੰਦਰਭ) ਵਿਸ਼ੇ 'ਤੇ ਤਿੰਨ ਹਫਤਿਆਂ ਦਾ ਰਿਫਰੈਸ਼ਰ ਕੋਰਸ ਆਯੋਜਿਤ ਕੀਤਾ ਗਿਆ।

9. ਬੋਟੈਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਬੋਟਾਨੀਕਲ ਗਾਰਡਨ ਵਿਚ ਦਰਖਤ ਲਗਾ ਕੇ ਵਣ-ਮਹਾਂਉਤਸਵ ਮਨਾਇਆ ਗਿਆ। ਵਾਈਸ-ਚਾਂਸਲਰ ਸਾਹਿਬ ਵੱਲੋਂ ਇਸ ਉਤਸਵ ਦਾ ਉਦਘਾਟਨ ਇਕ ਪੌਦਾ ਲਗਾ ਕੇ ਕੀਤਾ ਗਿਆ। ਇਸ ਵਰ੍ਹੇ ਕੈਂਪਸ ਵਿਚ 2500 ਪੌਦੇ ਲਗਾਏ ਜਾਣਗੇ।

10. ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਡਾ. ਰਾਕੇਸ਼ ਕੁਮਾਰ ਮਹਾਜਨ ਨੂੰ ਇੰਡੀਅਨ ਕੈਮੀਕਲ ਸੁਸਾਇਟੀ ਦੀ ਕੌਂਸਿਲ ਵੱਲੋਂ ਉਨ੍ਹਾਂ ਦੀਆਂ ਕੈਮੀਕਲ ਸਾਇੰਸ ਦੇ ਖੇਤਰ ਵਿਚ ਪ੍ਰਾਪਤੀਆਂ ਸਦਕਾ ਪ੍ਰੋਫੈਸਰ ਪੀ.ਕੇ. ਬੋਸ ਮੈਮੋਰੀਅਲ ਅਵਾਰਡ 2009 ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਅਵਾਰਡ ਪੰਡਿਤ ਰਵੀਸ਼ੰਕਰ ਸ਼ੁਕਲਾ ਯੂਨੀਵਰਸਿਟੀ, ਰਾਏਪੁਰ (ਛੱਤੀਸਗੜ੍ਹ) ਵਿਖੇ 23 ਤੋਂ 27 ਦਸੰਬਰ, 2010 ਤੱਕ ਹੋ ਰਹੀ ਇੰਡੀਅਨ ਕੈਮੀਕਲ ਸੁਸਾਇਟੀ ਦੀ ਸਲਾਨਾ ਕਨਵੋਕੇਸ਼ਨ ਆਫ ਕੈਮਿਸਟਸ ਦੇ ਮੌਕੇ ਤੇ ਦਿੱਤਾ ਜਾਵੇਗਾ।

11. ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਡਾ. ਮਨੋਜ ਕੁਮਾਰ, ਰੀਡਰ ਨੂੰ ਖੋਜ ਦੇ ਖੇਤਰ ਵਿਚ ਉੱਘੇ ਯੋਗਦਾਨ ਸਦਕਾ Chemical Research Society of India (CRSI) ਵੱਲੋਂ Bronze Medal ਦੇਣ ਲਈ ਚੁਣਿਆ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ 4-6 ਫਰਵਰੀ, 2011 ਨੂੰ ਭੁਬਨੇਸ਼ਵਰ ਵਿਖੇ ਹੋਣ ਵਾਲੇ 13$^{th}$ CRSI National Symposium ਦੌਰਾਨ ਦਿੱਤਾ ਜਾਵੇਗਾ।

**ਸਿੰਡੀਕੇਟ ਵੱਲੋਂ ਉਕਤ ਪੀ.ਕੇ. ਬੋਸ ਮੈਮੋਰੀਅਲ ਅਵਾਰਡ ਅਤੇ Bronze Medal ਸਬੰਧੀ ਪ੍ਰਸ਼ੰਸਾ ਰਿਕਾਰਡ ਕੀਤੀ ਗਈ।**

12. ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੂੰ ਸ੍ਰੀਲੰਕਾ ਵਿਖੇ ਸਪੋਰਟਸ ਮੈਡੀਸਨ 'ਚ ਅੰਤਰ-ਰਾਸ਼ਟਰੀ ਓਲੰਪਿਕ ਕਮੇਟੀ ਕੋਰਸ 'ਚ ਭਾਗ ਲੈਣ ਲਈ ਸੱਦਿਆ ਗਿਆ ਹੈ। ਇਹ ਤਿੰਨ ਦਿਨਾ ਕੋਰਸ ਕੋਲੰਬੋ, ਸ੍ਰੀਲੰਕਾ ਦੀ ਰਾਸ਼ਟਰੀ ਓਲੰਪਿਕ ਕਮੇਟੀ ਵੱਲੋਂ 10-12 ਸਤੰਬਰ, 2010 ਨੂੰ ਕਰਵਾਇਆ ਜਾ ਰਿਹਾ ਹੈ।

13. ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਮਾਓਵਾਦ ਦਾ ਵਿਸਥਾਰ ਅਤੇ ਉਸ ਦਾ ਭਾਰਤ ਅਤੇ ਸਾਊਥ-ਏਸ਼ੀਆ 'ਤੇ ਅਸਰ ਵਿਸ਼ੇ 'ਤੇ ਨੇਪਾਲ ਦੇ ਰਾਸ਼ਟਰਪਤੀ ਦੇ ਸਿਆਸੀ ਅਤੇ ਵਿਦੇਸ਼ੀ ਮਾਮਲਿਆਂ ਦੇ ਸਲਾਹਕਾਰ ਡਾ. ਹਰੀ ਸ਼ਰਮਾ ਦਾ ਲੈਕਚਰ ਆਯੋਜਿਤ ਕੀਤਾ ਗਿਆ।

**ਸਿੰਡੀਕੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ ਗਿਆ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ. ਮਹਿੰਦਰ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।

26. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਮਹਿੰਦਰ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ (ਵਾਈਸ-ਚਾਂਸਲਰ ਦਫਤਰ), ਜੋ ਸਕੱਤਰ ਵਾਈਸ-ਚਾਂਸਲਰ ਦੀਆਂ ਡਿਊਟੀਆਂ ਵੀ ਨਿਭਾ ਰਹੇ ਹਨ, ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 29.9.2010 ਤੋਂ 28.9.2011 ਤੱਕ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਵਿਖੇ ਰਿਜਰਵੇਸ਼ਨ ਲਾਗੂ ਕਰਨ ਲਈ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ, ਭਲਾਈ ਵਿਭਾਗ (ਰਿਜਰਵੇਸ਼ਨ ਸੈੱਲ) ਵੱਲੋਂ ਪ੍ਰਾਪਤ ਪੱਤਰ ਨੰ: 3/24/2009-ਰਸ1/1544 ਮਿਤੀ 22.10.2009 ਦੁਆਰਾ ਪੱਤਰ ਨੰ: 7/1/90-RCI/11374 ਮਿਤੀ 30.12.1996 ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਵਿਖੇ ਰਿਜਰਵੇਸ਼ਨ ਲਾਗੂ ਕਰਨ ਲਈ ਵਾਈਸ-ਚਾਂਸਲਰ ਸਾਹਿਬ ਦੁਆਰਾ ਗਠਿਤ ਕਮੇਟੀ ਦੀਆਂ ਮਿਤੀ 15.7.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬੰਧਤ ਅਸਾਮੀਆਂ ਉੱਤੇ ਕੰਮ ਕਰ ਰਹੇ ਕਰਮਚਾਰੀਆਂ ਦੇ ਤਨਖਾਹ ਸਕੇਲ ਵਿਚ ਸੋਧ।

28. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੇਠ ਲਿਖੀਆਂ ਅਸਾਮੀਆਂ ਤੇ ਕੰਮ ਕਰ ਰਹੇ ਵਿਅਕਤੀਆਂ ਲਈ ਸੋਧੇ ਤਨਖਾਹ ਸਕੇਲਾਂ ਦੇ ਅਧਾਰ ਤੇ ਇਸ ਯੂਨੀਵਰਸਿਟੀ ਵਿਖੇ ਇਨ੍ਹਾਂ ਅਸਾਮੀਆਂ ਤੇ ਕੰਮ ਕਰ ਰਹੇ ਕਰਮਚਾਰੀਆਂ ਲਈ ਸੋਧੇ ਤਨਖਾਹ ਸਕੇਲ ਲਾਗੂ ਕੀਤੇ ਜਾਣ:-

| ਕ੍ਰਮ ਨੰ: | ਆਸਾਮੀ ਦਾ ਨਾਮ | ਅਣਸੋਧਿਆ ਸਕੇਲ | ਸੋਧਿਆ ਸਕੇਲ |
|---|---|---|---|
| 1. | ਸਿਸਟਮ ਐਨਾਲਿਸਟ/ ਪ੍ਰੋਗਰਾਮਰ | 8000-275-13500 | 15000-39100 + ਗ੍ਰੇਡ ਪੇਅ 5400 |
| 2. | ਟੈਕਨੀਕਲ ਅਫਸਰ-II (ਸਿਸਟਮ ਐਨਾਲਿਸਟ/ ਪ੍ਰੋਗਰਾਮਰ-ਸੀਨੀਅਰ ਸਕੇਲ) | 10000-325-15200 | 15600-39100 + ਗ੍ਰੇਡ ਪੇਅ 6600 (ਸੀਨੀਅਰ ਸਕੇਲ) |
| 3. | ਟੈਕਨੀਕਲ ਅਫਸਰ-III (ਸਿਸਟਮ ਮੈਨੇਜਰ) | 12000-375-16500 | 15600-39100 + ਗ੍ਰੇਡ ਪੇਅ 7600 |
| 4. | ਟੈਕਨੀਕਲ ਅਫਸਰ-IV (ਸਿਸਟਮ ਐਡਮਨਿਸਟ੍ਰੇਟਰ) | 14300-400-18300 | 37400-67000 + ਗ੍ਰੇਡ ਪੇਅ 8700 |

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਇਸ ਯੂਨੀਵਰਸਿਟੀ ਵਿਖੇ ਉਕਤ ਅਸਾਮੀਆਂ ਤੇ ਕੰਮ ਕਰ ਰਹੇ ਕਰਮਚਾਰੀਆਂ ਦੇ ਤਨਖਾਹ ਸਕੇਲ ਰੀਵਾਈਜ਼ ਨਹੀਂ ਕੀਤੇ ਜਾ ਸਕੇ ਅਤੇ ਸਬੰਧਿਤ ਕਰਮਚਾਰੀ ਪੁਰਾਣੇ ਸਕੇਲਾਂ ਵਿੱਚ ਹੀ ਕੰਮ ਕਰ ਰਹੇ ਹਨ।ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਉਕਤ ਆਸਾਮੀਆਂ ਤੇ ਕੰਮ ਕਰ ਰਹੇ ਕਰਮਚਾਰੀਆਂ ਲਈ ਜੋ ਪਰਮੋਸ਼ਨ ਪਾਲਿਸੀ ਅਤੇ ਉਸ ਨਾਲ ਸਬੰਧਿਤ ਤਨਖਾਹ ਸਕੇਲ ਸਨ, ਉਹਨਾਂ ਨੂੰ ਇਸ ਯੂਨੀਵਰਸਿਟੀ ਵਿਖੇ ਵੀ ਇਹਨਾਂ ਆਸਾਮੀਆਂ ਲਈ ਅਡਾਪਟ ਕੀਤਾ ਗਿਆ ਸੀ। ਪੰਜਾਬ ਯੂਨੀਵਰਸਿਟੀ, ਚੰਡੀਗੜ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਇਹਨਾਂ ਆਸਾਮੀਆਂ ਦੇ ਰੀਵਾਈਜ਼ਡ ਸਕੇਲਾਂ ਦੀ ਉਡੀਕ ਕਰਨ ਕਰਕੇ ਇਸ ਯੂਨੀਵਰਸਿਟੀ ਵਿਖੇ ਇਹਨਾਂ ਆਸਾਮੀਆਂ ਦੇ ਸਕੇਲ ਰੀਵਾਈਜ਼ ਨਹੀਂ ਕੀਤੇ ਜਾ ਸਕੇ। ਹੁਣ ਪੰਜਾਬੀ

ਯੂਨੀਵਰਸਿਟੀ, ਪਟਿਆਲਾ ਵੱਲੋਂ ਇਹਨਾਂ ਅਸਾਮੀਆਂ ਤੇ ਕੰਮ ਕਰ ਰਹੇ ਆਪਣੇ ਕਰਮਚਾਰੀਆਂ ਲਈ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਧਾਰ ਤੇ) ਨਵੇਂ ਤਨਖਾਹ ਸਕੇਲ ਰੀਵਾਈਜ਼ ਕਰ ਦਿੱਤੇ ਗਏ ਹਨ। ਇਸ ਅਧਾਰ ਤੇ ਇਸ ਯੂਨੀਵਰਸਿਟੀ ਵਿੱਚ ਇਹਨਾਂ ਅਸਾਮੀਆਂ ਤੇ ਕੰਮ ਕਰ ਰਹੇ ਸਬੰਧਿਤ ਕਰਮਚਾਰੀਆਂ ਨੇ ਵੀ ਸੋਧੇ ਤਨਖਾਹ ਸਕੇਲ ਲਾਗੂ ਕਰਨ ਲਈ ਬੇਨਤੀ ਕੀਤੀ ਹੈ।

**ਪਾਸ ਹੋਇਆ** ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਉਕਤ ਅਸਾਮੀਆਂ ਤੇ ਕੰਮ ਕਰ ਰਹੇ ਵਿਅਕਤੀਆਂ ਲਈ ਸੋਧੇ ਤਨਖਾਹ ਸਕੇਲਾਂ ਦੇ ਅਧਾਰ ਤੇ ਇਸ ਯੂਨੀਵਰਸਿਟੀ ਵਿਖੇ ਇਨ੍ਹਾਂ ਅਸਾਮੀਆਂ ਤੇ ਕੰਮ ਕਰ ਰਹੇ ਕਰਮਚਾਰੀਆਂ ਲਈ ਸੋਧੇ ਤਨਖਾਹ ਸਕੇਲ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਮਨਮੀਤ ਸਿੰਘ ਨੂੰ ਐਮ.ਬੀ.ਏ. **(FYIC)** ਦੇ ਨੌਵੇਂ ਸਮੈਸਟਰ ਵਿਚ ਪ੍ਰੋਵੀਜ਼ਨਲ ਦਾਖਲੇ ਦੀ ਪੁਸ਼ਟੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈ-ਕੋਰਟ ਦੇ ਅੰਤ੍ਰਿਮ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਐਮ.ਬੀ.ਏ. (FYIC) ਦੇ ਵਿਦਿਆਰਥੀ- ਮਨਮੀਤ ਸਿੰਘ ਨੂੰ ਨੌਵੇਂ ਸਮੈਸਟਰ ਵਿਚ 5000/- ਰੁਪਏ ਲੇਟ ਫੀਸ ਨਾਲ ਪ੍ਰੋਵੀਜ਼ਨਲ ਦਾਖਲਾ ਦੇਣ ਦੀ ਆਗਿਆ ਦਿੱਤੀ ਹੈ।

ਅੰਤਰ-ਕਾਲਜ ਕੋਚਿੰਗ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦੇ ਰਿਫ੍ਰੈਸ਼ਮੈਂਟ ਦਰਾਂ ਵਿਚ ਵਾਧਾ।

30. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅੰਤਰ- ਕਾਲਜ ਮੁਕਾਬਲਿਆਂ ਦੇ ਕੋਚਿੰਗ ਕੈਂਪ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦੇ ਰਿਫ਼ਰੈਸ਼ਮੈਂਟ ਦਰਾਂ ਵਿਚ 25/- ਰੁਪਏ ਤੋਂ 40/- ਰੁਪਏ ਪ੍ਰਤੀ ਖਿਡਾਰੀ, ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧਾ ਕੀਤਾ ਜਾਂਦਾ ਹੈ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 27.7.2010 ਦੀਆਂ ਸਿਫ਼ਾਰਸ਼ਾਂ ਦੀ ਸੋਧ ਸਹਿਤ ਪਰਵਾਨਗੀ।

31. ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 27.7.2010 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 27.7.2010 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਇਸ ਸੋਧ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ ਕਿ ਅੰਤਿਕਾ IV ਅਧੀਨ ਸਬੰਧਤ ਕੋਰਸਾਂ ਵਿਚ ਪ੍ਰੈਕਟੀਕਲ ਪ੍ਰੀਖਿਆ/ ਵਾਈਵਾ ਲੈਣ ਲਈ ਬੋਰਡ ਆਫ ਐਗਜਾਮੀਨਰਜ਼ ਵਿਚ ਸਬੰਧਤ ਵਿਭਾਗ ਦੇ ਮੁਖੀ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ।

ਵੱਖ-ਵੱਖ ਕੋਰਸਾਂ ਵਿਚ ਸਬੰਧਤ ਵਿਦਿਆਰਥੀਆਂ ਦੇ ਦਾਖਲੇ ਦੀ ਪੁਸ਼ਟੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਵੱਖ-ਵੱਖ ਕੋਰਸਾਂ ਵਿਚ ਸਬੰਧਤ ਵਿਦਿਆਰਥੀਆਂ ਨੂੰ, 5000/- ਰੁਪਏ ਲੇਟ ਫੀਸ ਨਾਲ ਬਣਦੀ ਫੀਸ ਸਹਿਤ ਦਾਖਲੇ ਦੀ ਪਰਵਾਨਗੀ ਦਿੱਤੀ ਹੈ:-

(ੳ)ਬੀ.ਟੈਕ. ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ(ਤੀਜਾ ਸਮੈਸਟਰ)

1. ਮਨਹਰਪ੍ਰੀਤ ਕੌਰ

(ਅ) <u>ਬੀ.ਟੈਕ. ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਸਿਸਟਮ (ਤੀਜਾ ਸਮੈਸਟਰ)</u>

1. ਦਿਲਪ੍ਰੀਤ ਸਿੰਘ ਸਿੱਧੂ

(ੲ) <u>ਬੀ.ਟੈਕ. ਸ਼ੂਗਰ ਤੇ ਅਲਕੋਹਲ ਟੈਕਨਾਲੋਜੀ (ਪਹਿਲਾ ਸਮੈਸਟਰ)</u>

1. ਕਰਨਵੀਰ ਸਿੰਘ ਸੇਖੋਂ
2. ਹਰਦੇਵ ਸਿੰਘ

ਇਹ **ਨੋਟ** ਕੀਤਾ ਕਿ ਉਕਤ ਕ੍ਰਮ ਨੰ: 1 ਉੱਤੇ ਕਰਨਵੀਰ ਸਿੰਘ ਸੇਖੋਂ ਨੇ ਸਬੰਧਤ ਕੋਰਸ ਵਿਚ ਦਾਖਲੇ ਲਈ ਫੀਸ ਜਮ੍ਹਾਂ ਨਹੀਂ ਕਰਵਾਈ।

(ਸ) <u>ਬੀ.ਐਸ.ਸੀ. (H.S. ) ਕੈਮਿਸਟਰੀ (ਤੀਜਾ ਸਮੈਸਟਰ)</u>

1. ਹਰਪ੍ਰੀਤ ਕੌਰ

(ਹ) <u>ਐਮ.ਏ. (ਸਾਈਕਾਲੋਜੀ) ਭਾਗ ਪਹਿਲਾ</u>

1. ਹਰਵੀਰ ਕੌਰ

(ਕ) <u>ਵਿਦੇਸ਼ੀ/ ਐਨ.ਆਰ.ਆਈ. ਅਧੀਨ ਵਧੀਕ ਸੀਟ ਉੱਤੇ</u>

(i) <u>ਐਮ. ਫਾਰਮੇਸੀ (ਸਮੈਸਟਰ ਪਹਿਲਾ)</u>

1. ਜਯੋਤਸਨਾ ਸਹਿਜਪਾਲ

(ii) <u>ਬੀ. ਫਾਰਮੇਸੀ (ਸਮੈਸਟਰ ਪਹਿਲਾ)</u>

1. ਸ੍ਰੀ ਸੁਸ਼ਾਂਤ ਸ਼ਰਮਾ

**Mid-Semester Feedback** ਅਤੇ **Faculty Performance Appraisal System** ਪ੍ਰੋਫਾਰਮਾ ਲਾਗੂ ਕਰਨ ਦੀ ਪਰਵਾਨਗੀ।

33. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਤੋਂ Mid-Semester Feedback ਅਤੇ Faculty Performance Appraisal System ਲਾਗੂ ਕਰਨ ਸਬੰਧੀ ਪ੍ਰੋਫਾਰਮਾ **ਅੰਤਿਕਾ** ਅਨੁਸਾਰ ਪਰਵਾਨ ਕੀਤਾ ਜਾਂਦਾ ਹੈ।

**ਮਿਸ. ਹਰਮਨਪ੍ਰੀਤ ਕੌਰ ਨੂੰ ਸਤੰਬਰ 2010 ਵਿਚ ਬੀ.ਏ. ਭਾਗ ਪਹਿਲਾ ਦੇ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਦੀ ਵਿਸ਼ੇਸ਼ ਆਗਿਆ।**

34. ਪ੍ਰਿੰਸੀਪਲ ਐਚ.ਐਮ.ਵੀ., ਜਲੰਧਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕ੍ਰਿਕਟ ਦੀ ਉਘੀ ਖਿਡਾਰਣ- ਮਿਸ ਹਰਮਨਪ੍ਰੀਤ ਕੌਰ, ਜੋ ਇੰਗਲੈਂਡ ਵਿਖੇ ਮਿਤੀ 19.2.2010 ਤੋਂ 8.3.2010 ਤੱਕ ਇੰਡੀਅਨ ਕ੍ਰਿਕਟ ਟੀਮ ਵੱਲੋਂ ਇੰਟਰਨੈਸ਼ਨਲ ਟੂਰਨਾਮੈਂਟ ਅਤੇ ਵੈਸਟ ਇੰਡੀਜ਼ ਵਿਖੇ ਮਿਤੀ 30.4.2010 ਤੋਂ 16.5.2010 ਤੱਕ ICC ਵਰਲਡ ਕੱਪ ਖੇਡਾਂ ਵਿਚ ਭਾਗ ਲੈਣ ਕਾਰਣ ਆਪਣਾ ਬੀ.ਏ. ਭਾਗ ਪਹਿਲਾ ਦੀ ਅਪ੍ਰੈਲ 2010 ਦੀ ਪ੍ਰੀਖਿਆ ਨਹੀਂ ਦੇ ਸਕੀ, ਨੂੰ ਸਤੰਬਰ 2010 ਵਿਚ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਦੀ ਵਿਸ਼ੇਸ਼ ਤੌਰ ਤੇ ਆਗਿਆ ਦਿੱਤੀ ਜਾਂਦੀ ਹੈ ਕਿਉਂਜੋ ਅਪ੍ਰੈਲ 2010 ਦੀਆਂ ਉਕਤ ਮਿਤੀਆਂ ਦੌਰਾਨ ਵਿਦੇਸ਼ ਵਿਖੇ ਖੇਡਾਂ ਵਿਚ ਭਾਗ ਲੈਣ ਕਾਰਣ ਉਹ ਆਪਣੇ ਪੇਪਰ ਨਹੀਂ ਦੇ ਸਕੀ।

ਅਮਨਪ੍ਰੀਤ ਸਿੰਘ ਨੂੰ ਐਮ.ਏ. ਅੰਗਰੇਜੀ, ਭਾਗ ਪਹਿਲਾ ਦੇ ਸਾਰੇ ਵਿਸ਼ਿਆਂ ਦੀ ਸਤੰਬਰ 2010 ਵਿਚ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।

35. ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਮਨਪ੍ਰੀਤ ਸਿੰਘ, ਇੰਟਰਨੈਸ਼ਨਲ ਸ਼ੂਟਰ ਜੋ ISSF World Cup of 2009-10 ਵਿਚ ਆਸਟ੍ਰੇਲੀਆ, ਚੀਨ, ਯੂ.ਐਸ.ਏ. ਅਤੇ ਸਰਬੀਆ ਵਿਚ ਖੇਡਣ ਜਾਣ ਕਰਕੇ ਇਨ੍ਹਾਂ ਮਿਤੀਆਂ ਦੌਰਾਨ ਆਪਣੀ ਐਮ.ਏ. ਅੰਗਰੇਜੀ, ਭਾਗ ਪਹਿਲਾ ਦੇ ਸਾਰੇ ਵਿਸ਼ਿਆਂ ਦੀ ਅਪ੍ਰੈਲ 2010 ਵਿਚ ਪ੍ਰੀਖਿਆ ਨਹੀਂ ਦੇ ਸਕਿਆ, ਨੂੰ ਨਿਯਮਾਂ ਵਿਚ ਛੋਟ ਦੇ ਕੇ ਉਕਤ ਕਲਾਸ ਦੇ ਸਾਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਲਈ ਸਤੰਬਰ 2010 ਵਿਚ ਅਪੀਅਰ ਹੋਣ ਲਈ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ।

ਯੂਨੀਵਰਸਿਟੀ ਕੈਂਪਸਸ ਅਤੇ ਕਾਲਜਾਂ ਦੀਆਂ ਪ੍ਰੀਖਿਆਵਾਂ ਅਤੇ ਮੁਲਾਂਕਣ ਸਿਸਟਮ ਵਿਚ ਸੁਧਾਰ ਲਈ ਨੀਤੀ ਅਪਨਾਉਣ ਦੀ ਪਰਵਾਨਗੀ।

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸਸ ਜਲੰਧਰ ਅਤੇ ਗੁਰਦਾਸਪੁਰ ਵਿਖੇ ਸਾਰੇ ਸਮੈਸਟਰ ਕੋਰਸਾਂ ਅਤੇ ਸਬੰਧਤਾ ਪ੍ਰਾਪਤ/ Constituent ਕਾਲਜਾਂ ਵਿਖੇ Similar/ Common ਕੋਰਸਾਂ ਦੀਆਂ ਪ੍ਰੀਖਿਆਵਾਂ ਅਤੇ ਮੁਲਾਂਕਣ ਸਿਸਟਮ ਵਿਚ ਵਧੇਰੇ ਸੁਧਾਰ ਅਤੇ ਪਾਰਦਰਸ਼ਤਾ (Transparency) ਲਿਆਉਣ ਹਿਤ ਹੇਠ ਲਿਖੇ ਅਨੁਸਾਰ ਨੀਤੀ ਅਪਣਾਈ ਜਾਂਦੀ ਹੈ:-

1. The setting of question papers in all the courses of all semesters (odd/even) shall be done internally by the departments of GNDU Campus, Amritsar from the session 2010-11.

2. The printing of question papers, conduct of examination, evaluation of answer-books including coding and de-coding etc. of answer books shall be done by the concerned Heads of the Departments.

3. For the similar/ common courses which are being run in various departments of the University/ Regional Campus, Jalandhar, Regional Campus, Gurdaspur, affiliated/ constituent colleges, the printing of question papers shall be done in the office of the Controller of Examinations and sent to the Examination Centres as per previous practice.

4. The evaluation, showing of answer-books to the students and declaration of results shall be done as per existing practice.

5. Same system shall apply to B.P.T. Annual system course.

ਸ੍ਰੀ ਸੁਖਦੇਵ ਪਾਲ ਮਹਿਤਾ, ਸਟਾਫ ਨਰਸ(ਮੇਲ) ਯੂਨੀਵਰਸਿਟੀ ਹੈਲਥ ਸੈਂਟਰ ਦੀ ਮੁੜ ਨਿਯੁਕਤੀ ਦੀ ਪੁਸ਼ਟੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ (ਮੇਲ) ਯੂਨੀਵਰਸਿਟੀ ਹੈਲਥ ਸੈਂਟਰ ਨੂੰ ਮਿਤੀ 24.8.2010 ਤੋਂ 23.2.2011 ਤੱਕ, ਛੇ ਮਹੀਨੇ ਲਈ ਜਾਂ ਅਸਾਮੀ

ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 6900/- ਰੁਪਏ ਮਾਸਿਕ (ਬਿਲਮੁਕਤਾ) ਉੱਤੇ, ਹਾਜਰ ਹੋਣ ਦੀ ਮਿਤੀ ਤੋਂ ਕੰਟ੍ਰੈਕਟ ਅਧਾਰ ਤੇ ਸਟਾਫ ਨਰਸ (ਮੇਲ) ਵਜੋਂ ਮੁੜ ਨਿਯੁਕਤ ਕੀਤਾ ਹੈ।

**ਬੀ.ਟੈਕ. (ਅਰਬਨ ਅਤੇ ਰਿਜਨਲ ਪਲੈਨਿੰਗ) ਵਿਚ ਦਾਖਲੇ ਲਈ ਯੋਗਤਾ ਸ਼ਰਤ ਦੀ ਪਰਵਾਨਗੀ।**

38. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੀ.ਟੈਕ. (ਅਰਬਨ ਅਤੇ ਰਿਜਨਲ ਪਲੈਨਿੰਗ) ਵਿਚ ਸੈਸ਼ਨ 2010-11 ਤੋਂ ਦਾਖਲੇ ਲਈ ਯੋਗਤਾ ਸ਼ਰਤ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

**ਰਾਜਨ ਨਈਅਰ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਖੋਜ ਨਿਬੰਧ ਜਮ੍ਹਾਂ ਕਰਾਉਣ ਲਈ ਪਰਵਾਨਗੀ।**

39. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2006-07 ਦੌਰਾਨ ਐਮ.ਫਿਲ. ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਦਾ ਵਿਦਿਆਰਥੀ- ਰਾਜਨ ਨਈਅਰ, ਰੋਲ ਨੰ: 458324, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 18.2.2009 ਤੱਕ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਖੋਜ ਨਿਬੰਧ ਜਮ੍ਹਾਂ ਕਰਾਉਣ ਲਈ ਮਿਤੀ 19.8.2010 ਤੋਂ ਹੋਰ ਤਿੰਨ ਮਹੀਨੇ ਦਾ ਵਾਧਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਜਿੰਮੇਵਾਰੀਆਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਮਾਣ-ਭੱਤਾ ਦੇਣ ਸਬੰਧੀ।**

40. (ੳ) ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਅਤੇ ਰਿਜਨਲ ਕੈਂਪਸ ਜਲੰਧਰ/ਗੁਰਦਾਸਪੁਰ ਵਿਖੇ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਨੂੰ ਮਾਣ-ਭੱਤਾ ਦੇਣ ਸਬੰਧੀ ਇਕਸਾਰਤਾ ਲਈ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 6 ਉੱਤੇ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਵੇ:-

> "An honorarium of 10% of the substantive pay per month be paid to the Dean, Academic Affairs and Dean, Student Welfare."

(ਅ) ਅਧਿਆਪਕਾਂ ਨੂੰ ਡੀਨ, ਕਾਲਜ ਵਿਕਾਸ ਕੌਂਸਲ ਦਾ ਵਾਧੂ ਚਾਰਜ ਦੇਣ ਕਾਰਣ ਮਾਣ-ਭੱਤਾ ਦੇਣ ਲਈ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 19 ਵਿਚ ਹੇਠ ਲਿਖੇ ਅਨੁਸਾਰ ਅਧਿਆਦੇਸ਼ ਵਿਚ ਵਾਧਾ ਕੀਤਾ ਜਾਵੇ:-

> " An honorarium of 10% of the substantive pay be paid to the Professor who is given the additional charge of the post of Dean College Development Council by the Syndicate."

(ੲ) ਡੀਨ ਵਿਦਿਅਕ ਮਾਮਲੇ, ਡੀਨ ਵਿਦਿਆਰਥੀ ਭਲਾਈ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੇ ਅਹੁਦਿਆਂ ਉੱਤੇ ਕੰਮ ਕਰ ਰਹੇ ਅਧਿਆਪਕਾਂ ਨੂੰ ਉਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਤੀ ਤੋਂ ਪ੍ਰਤੀ ਮਹੀਨਾ substantive pay ਦਾ 10% ਦਿੱਤਾ ਜਾਵੇ।

**ਪਾਸ ਹੋਇਆ** ਕਿ-

(ੳ) ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਡੀਨ, ਵਿਦਿਅਕ ਮਾਮਲੇ / ਡੀਨ ਵਿਦਿਆਰਥੀ ਭਲਾਈ ਅਤੇ ਰਿਜਨਲ ਕੈਂਪਸ ਜਲੰਧਰ/ਗੁਰਦਾਸਪੁਰ ਵਿਖੇ ਐਸੋਸੀਏਟ ਡੀਨ ਵਿਦਿਅਕ ਮਾਮਲੇ/ ਐਸੋਸੀਏਟ ਡੀਨ ਵਿਦਿਆਰਥੀ ਭਲਾਈ ਨੂੰ ਮਾਣ-ਭੱਤਾ ਦੇਣ ਸਬੰਧੀ ਨਿਯਮਾਂ ਵਿਚ ਇਕਸਾਰਤਾ ਲਿਆਉਣ ਲਈ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 6 ਉੱਤੇ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

"An honorarium of 10% of the substantive pay per month be paid to the Dean, Academic Affairs and Dean, Student Welfare."

(ਅ) ਕਿਸੇ ਯੂਨੀਵਰਸਟੀ ਪ੍ਰੋਫੈਸਰ ਨੂੰ ਡੀਨ, ਕਾਲਜ ਵਿਕਾਸ ਕੌਂਸਲ ਦਾ ਵਾਧੂ ਚਾਰਜ ਦੇਣ ਕਰਕੇ ਮਾਣ-ਭੱਤਾ ਦੇਣ ਲਈ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 19 ਵਿਚ ਹੇਠ ਲਿਖੇ ਅਨੁਸਾਰ ਅਧਿਆਦੇਸ਼ ਵਿਚ ਵਾਧਾ ਕੀਤਾ ਜਾਂਦਾ ਹੈ:-

" An honorarium of 10% of the substantive pay be paid to the Professor who is given the additional charge of the post of Dean College Development Council by the Syndicate."

ਉਪਰੋਕਤ (ੳ) ਅਤੇ (ਅ) ਅਧੀਨ ਸੋਧ/ਵਾਧਾ ਯੂਨੀਵਰਸਿਟੀ ਕੈਲੰਡਰ 2007, ਭਾਗ ਚੌਥਾ ਦੇ ਪੰਨਾ 2 ਉੱਤੇ ਵਰਣਿਤ ਵਿਵਸਥਾ ਨੂੰ ਮੁੱਖ ਰੱਖ ਕੇ ਮਿਤੀ 1.7.2009 ਤੋਂ ਪ੍ਰਭਾਵੀ ਹੋਵੇਗਾ।

(ੲ) ਡੀਨ ਵਿਦਿਅਕ ਮਾਮਲੇ, ਡੀਨ ਵਿਦਿਆਰਥੀ ਭਲਾਈ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੇ ਅਹੁਦਿਆਂ ਉੱਤੇ ਕੰਮ ਕਰ ਰਹੇ ਅਧਿਆਪਕਾਂ ਨੂੰ ਉਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਤੀ ਤੋਂ ਪ੍ਰਤੀ ਮਹੀਨਾ substantive pay ਦਾ 10% ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਕੰਟ੍ਰੈਕਟ ਆਧਾਰ ਤੇ ਨਿਯੁਕਤੀਆਂ ਸਬੰਧੀ।**

41. (ੳ) ਸਿੰਡੀਕੇਟ ਨੇ ਨੋਟ ਕੀਤਾ ਕਿ Walk in interview ਰਾਹੀਂ ਸੈਸ਼ਨ 2010-11 ਲਈ ਵੱਖ-ਵੱਖ ਵਿਭਾਗਾਂ ਅਤੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਕੰਟ੍ਰੈਕਟ ਅਧਾਰ ਤੇ **ਅੰਤਿਕਾ** ਅਨੁਸਾਰ ਨਿਯੁਕਤੀਆਂ ਕੀਤੀਆਂ ਗਈਆਂ ਹਨ।

(ਅ) ਕੰਟ੍ਰੈਕਟ ਅਧਾਰ ਤੇ ਨਿਯੁਕਤ ਕੀਤੇ ਗਏ ਅਧਿਆਪਕਾਂ ਦੀ ਨਿਯੁਕਤੀ ਸਬੰਧੀ ਆਡਿਟ ਵੱਲੋਂ ਉਠਾਏ ਗਏ ਇਤਰਾਜ਼ਾਂ ਬਾਰੇ ਹੇਠ ਲਿਖੇ ਨੁਕਤਿਆਂ ਤੇ ਵਿਚਾਰ ਹੋਈ:-

1. ਪੇਂਡੂ ਖੇਤਰ ਵਿਚ ਸਥਿਤ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਦੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਦੇ ਮਨੋਰਥ ਨਾਲ ਵੈਲ ਕੁਆਲੀਫਾਈਡ ਅਧਿਆਪਕਾਂ ਨੂੰ ਅਟਰੈਕਟ ਕਰਨ ਲਈ ਅਤੇ ਯੂਨੀਵਰਸਿਟੀ ਵਿਚ ਰੱਖੇ ਜਾਣ ਵਾਲੇ ਕੰਟ੍ਰੈਕਟ ਅਧਿਆਪਕਾਂ ਦੀ ਤਨਖਾਹ ਵਿਚ ਇਕਸਾਰਤਾ ਲਿਆ ਕੇ 20000/- ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦਾ ਫੈਸਲਾ ਲਿਆ ਗਿਆ ਸੀ ਕਿਉਂਕਿ ਘੱਟ ਤਨਖਾਹ ਤੇ ਚੰਗੇ ਅਧਿਆਪਕ ਨਹੀਂ ਮਿਲਦੇ। ਪਰ ਮੁਕੰਦਪੁਰ ਕਾਲਜ ਦੇ ਬਜਟ ਵਿਚ 20000/- ਰੁਪਏ ਤਨਖਾਹ ਦੇਣ ਦੀ ਵਿਵਸਥਾ ਨਹੀਂ ਹੈ। ਇਹ ਕਾਲਜ ਯੂਨੀਵਰਸਿਟੀ ਦਾ ਹਿੱਸਾ ਹੀ ਹੈ, ਇਸ ਲਈ ਇਨ੍ਹਾਂ ਅਸਾਮੀਆਂ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਖਾਲੀ ਅਸਾਮੀਆਂ ਵਿਰੁੱਧ ਚਾਰਜ ਕਰਵਾਇਆ ਗਿਆ ਹੈ। ਕਿਉਂਕਿ ਵਾਈਸ-ਚਾਂਸਲਰ ਜੀ ਦੇ ਆਦੇਸ਼ਾਂ ਅਨੁਸਾਰ ਅਗਲੇ ਸਾਲ ਤੋਂ ਲੋੜ ਅਨੁਸਾਰ ਤਨਖਾਹ ਸਬੰਧੀ ਸੋਧ ਦਾ ਮਾਮਲਾ ਵਿੱਤ ਕਮੇਟੀ ਵਿਚ ਲਿਆਇਆ ਜਾਣਾ ਹੈ, ਇਸ ਲਈ ਉਸ ਅਨੁਸਾਰ ਹੀ ਅਗਲੇ ਸਾਲ ਕੰਟ੍ਰੈਕਟ ਦੇ ਆਧਾਰ ਤੇ ਮੁਕੰਦਪੁਰ ਕਾਲਜ ਵਿਚ ਨਿਯੁਕਤੀਆਂ ਕੀਤੀਆਂ ਜਾਣਗੀਆਂ।

2. ਇਸ ਸਾਲ ਕਈ ਵਿਭਾਗਾਂ ਵਿਚ ਸੀਟਾਂ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਵਰਕਲੋਡ ਵੱਧ ਜਾਣ ਕਰਕੇ ਉਨ੍ਹਾਂ ਵਿਭਾਗਾਂ ਵਿਚ ਮੌਜੂਦ ਖਾਲੀ ਅਸਾਮੀਆਂ ਨਾਲੋ ਵਧੇਰੇ ਅਸਾਮੀਆਂ ਕੰਟ੍ਰੈਕਟ ਦੇ ਆਧਾਰ ਤੇ ਭਰੀਆਂ ਗਈਆਂ ਹਨ ਜਿਨ੍ਹਾਂ ਦੀ ਤਨਖਾਹ ਦੂਜੇ ਵਿਭਾਗਾਂ ਦੀਆਂ ਖਾਲੀ

ਅਸਾਮੀਆਂ ਵਿਰੁੱਧ ਚਾਰਜ ਕੀਤੀ ਗਈ ਹੈ। ਕਿਉਂਕਿ ਇਹ ਅਸਾਮੀਆਂ ਕੰਟ੍ਰੈਕਟ ਦੇ ਆਧਾਰ ਤੇ ਇਕ ਸੈਸ਼ਨ ਵਾਸਤੇ ਭਰੀਆਂ ਗਈਆਂ ਹਨ, ਇਸ ਲਈ ਵਿੱਤ ਕਮੇਟੀ ਦੀ ਪ੍ਰਵਾਨਗੀ ਦੀ ਲੋੜ ਨਹੀਂ। ਇਸ ਦੀ ਸਿੰਡੀਕੇਟ ਕੋਲੋਂ ਪੁਸ਼ਟੀ ਕਰਵਾ ਲੈਣੀ ਚਾਹੀਦੀ ਹੈ ਅਤੇ ਨਾਲ ਹੀ ਕੇਵਲ ਇਨ੍ਹਾਂ ਅਸਾਮੀਆਂ ਵਾਸਤੇ ਸਿੰਡੀਕੇਟ ਵੱਲੋਂ ਲਗਾਈ ਗਈ 10% ਕੱਟ ਤੋਂ ਛੋਟ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

**ਪਾਸ ਹੋਇਆ** ਕਿ ਉਕਤ ਕ੍ਰਮ ਨੰ: 1 ਅਤੇ 2 ਅਧੀਨ ਨੁਕਤਿਆਂ ਦੀ ਇਸ ਸੋਧ ਸਹਿਤ ਪਰਵਾਨਗੀ ਦਿੱਤੀ ਜਾਂਦੀ ਹੈ ਕਿ ਅਧਿਆਪਕਾਂ ਦੀਆਂ ਅਸਾਮੀਆਂ ਵਾਸਤੇ ਭਰਤੀ ਸਬੰਧੀ ਸਿੰਡੀਕੇਟ ਵੱਲੋਂ ਪਹਿਲਾਂ ਲਗਾਈ ਗਈ 10% ਕੱਟ ਜਾਰੀ ਰਹੇਗੀ।

2010-11 ਦੌਰਾਨ ਯੂਨੀਵਰਸਿਟੀ ਟੀਚਿੰਗ ਵਿਭਾਗਾਂ, ਯੂਨੀਵਰਸਿਟੀ ਕੈਂਪਸਸ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਨਵੇਂ ਦਾਖਲ ਹੋਣ ਵਾਲੇ ਅਤੇ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋਣ ਵਾਲੇ ਵਿਦਿਆਰਥੀਆਂ ਦੇ ਦਾਖਲੇ ਦੀ ਆਖਰੀ ਮਿਤੀ ਵਿਚ ਵਾਧੇ ਦੀ ਪਰਵਾਨਗੀ।

42. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਸਾਲ 2010-11 ਦੌਰਾਨ ਯੂਨੀਵਰਸਿਟੀ ਟੀਚਿੰਗ ਵਿਭਾਗਾਂ, ਰਿਜਨਲ ਕੈਂਪਸਸ, ਜਲੰਧਰ ਅਤੇ ਗੁਰਦਾਸਪੁਰ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਨਵੇਂ ਦਾਖਲ ਹੋਣ ਵਾਲੇ ਅਤੇ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋਣ ਵਾਲੇ ਵਿਦਿਆਰਥੀਆਂ ਨੂੰ ਮਿਤੀ 25.8.2010 ਤੱਕ 5000/- ਰੁਪਏ ਲੇਟ ਫੀਸ ਨਾਲ ਦਾਖਲਾ ਦੇਣ ਦੀ ਪਰਵਾਨਗੀ ਦਿੱਤੀ ਜਾਵੇ।

**ਪਾਸ ਹੋਇਆ** ਕਿ ਸਾਲ 2010-11 ਦੌਰਾਨ ਯੂਨੀਵਰਸਿਟੀ ਟੀਚਿੰਗ ਵਿਭਾਗਾਂ, ਰਿਜਨਲ ਕੈਂਪਸਸ, ਜਲੰਧਰ ਅਤੇ ਗੁਰਦਾਸਪੁਰ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਨਵੇਂ ਦਾਖਲ ਹੋਣ ਵਾਲੇ ਅਤੇ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋਣ ਵਾਲੇ ਵਿਦਿਆਰਥੀਆਂ ਦੇ ਦਾਖਲੇ ਦੀ ਆਖਰੀ ਮਿਤੀ ਵਿਚ 5000/- ਰੁਪਏ ਲੇਟ ਫੀਸ ਨਾਲ ਮਿਤੀ 25.8.2010 ਤੱਕ ਵਾਧਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਇਹ ਦਾਖਲਾ ਵਾਈਸ-ਚਾਂਸਲਰ ਸਾਹਿਬ ਦੀ ਪਰਵਾਨਗੀ ਨਾਲ ਹੋਵੇਗਾ।

ਸਲਾਨਾ ਸਿਸਟਮ ਵਿਚ ਭਾਗ ਦੂਜਾ ਅਤੇ ਸਮੈਸਟਰ ਸਿਸਟਮ ਵਿਚ ਤੀਜੇ ਸਮੈਸਟਰ ਅਧੀਨ ਕਲਾਸਾਂ ਵਿਚ ਇਨਵਾਇਰਨਮੈਂਟਲ ਸਟੱਡੀਜ਼ ਵਿਸ਼ਾ ਲਾਜਮੀ ਕਰਨ ਦੀ ਪਰਵਾਨਗੀ।

43. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਨਵਾਇਰਨਮੈਂਟਲ ਸਟੱਡੀਜ਼ ਦੇ ਵਿਸ਼ੇ ਨੂੰ ਅਪ੍ਰੈਲ 2011 ਦੀਆਂ ਪ੍ਰੀਖਿਆਵਾਂ ਤੋਂ ਸਲਾਨਾ ਸਿਸਟਮ ਦੀਆਂ ਸਾਰੀਆਂ ਡਿਗਰੀ ਕਲਾਸਾਂ ਦੇ ਭਾਗ ਦੂਜਾ ਵਿਚ ਅਤੇ ਸਮੈਸਟਰ ਸਿਸਟਮ ਅਧੀਨ ਦਸੰਬਰ 2010 ਤੋਂ ਤੀਜੇ ਸਮੈਸਟਰ ਵਿਚ ਲਾਜਮੀ ਵਿਸ਼ੇ ਵਜੋਂ ਕੀਤਾ ਜਾਂਦਾ ਹੈ। ਉਕਤ ਵਿਸ਼ੇ ਵਿਚ ਵਿਦਿਆਰਥੀ ਦੀ ਕੰਪਾਰਟਮੈਂਟ ਆਉਣ ਤੇ ਡਿਗਰੀ ਕਲਾਸਾਂ ਦੇ ਨਿਯਮ ਲਾਗੂ ਹੋਣਗੇ। ਇਸ ਵਿਸ਼ੇ ਵਿਚ ਗ੍ਰੇਸ ਅੰਕ ਦੇਣ ਦੇ ਪੱਖ ਤੋਂ ਇਸ ਨੂੰ ਵੱਖਰਾ ਰੱਖਿਆ ਜਾਵੇਗਾ ਭਾਵ 100 ਵਿਚੋਂ 1% (ਇਕ ਨੰਬਰ) ਦਿੱਤਾ ਜਾਵੇਗਾ। ਸਾਰੀਆਂ ਸਮੈਸਟਰ ਕਲਾਸਾਂ ਦਾ ਇਸ ਵਿਸ਼ੇ ਦਾ ਇਕ ਹੀ Common ਪੇਪਰ ਹੋਵੇਗਾ, ਜੋ ਇਕ ਹੀ ਮਿਤੀ ਨੂੰ ਲਿਆ ਜਾਵੇਗਾ।

ਡਾ. ਬੀ.ਐਸ. ਬਾਜਵਾ, ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ ਸਬੈਟੀਕਲ ਛੁੱਟੀ ਦੀ ਪਰਵਾਨਗੀ।

44. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉੱਤੇ ਸਟੈਚਿਊਟ 92 ਅਧੀਨ ਡਾ. ਬੀ.ਐਸ. ਬਾਜਵਾ, ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ ਯੂ.ਜੀ.ਸੀ. ਦੀ Academic Staff Fellowship Programme-2010 ਅਧੀਨ ਕਿੰਗਸਟਨ ਯੂਨੀਵਰਸਿਟੀ, ਲੰਡਨ (ਯੂ.ਕੇ.) ਵਿਖੇ ਕਾਮਨਵੈਲਥ ਫੈਲੋਸ਼ਿਪ ਰਿਸਰਚ ਵਰਕ ਵਾਸਤੇ ਮਿਤੀ 1.10.2010 ਤੋਂ 31.3.2011 ਤੱਕ 6 ਮਹੀਨੇ ਲਈ ਪੂਰੀ ਤਨਖਾਹ ਤੇ (ਜਿਵੇਂ ਕਿ ਫੈਲੋਸ਼ਿਪ ਸਮੇਂ ਅਧੀਨ ਕੇਵਲ ਮੇਨਟੇਨੈਂਸ ਅਲਾਊਂਸ ਹੀ ਦਿੱਤਾ ਜਾਂਦਾ ਹੈ) ਸਬੈਟੀਕਲ ਛੁੱਟੀ ਦਿੱਤੀ ਜਾਂਦੀ ਹੈ।

**ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੂੰ 10000/- ਰੁਪਏ ਜੁਰਮਾਨਾ ਫੀਸ ਨਾਲ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।**

45. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਮੈਸਟਰ ਸਿਸਟਮ ਅਧੀਨ ਵੱਖ-ਵੱਖ ਕੋਰਸਾਂ ਦੇ ਹੇਠ ਲਿਖੇ ਅਤੇ ਹੋਰ ਅਜਿਹੇ ਵਿਦਿਆਰਥੀ, ਜੋ ਨਿਯਮਾਂ ਅਨੁਸਾਰ ਨਿਰਧਾਰਤ ਸਮੇਂ ਅੰਦਰ ਆਪਣੀ ਇਕ ਪੇਪਰ ਦੀ ਰੀ-ਅਪੀਅਰ ਪਾਸ ਨਹੀਂ ਕਰ ਸਕੇ, ਨੂੰ ਰੀ-ਅਪੀਅਰ ਕਲੀਅਰ ਕਰਨ ਲਈ ਨਿਯਮਾਂ ਵਿਚ ਛੋਟ ਦੇ ਕੇ 10000/- ਰੁਪਏ ਜੁਰਮਾਨਾ ਫੀਸ ਨਾਲ ਬਣਦੀ ਫੀਸ ਸਹਿਤ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ:-

| ਕ੍ਰਮ ਨੰ: | ਨਾਮ | ਕਲਾਸ ਅਤੇ ਰੋਲ ਨੰ: | ਪੇਪਰ |
|---|---|---|---|
| 1. | ਨਵੀਤਾ | ਬੀ.ਐਸ.ਸੀ.(ਆਨਰਜ਼ ਸਕੂਲ) ਕੈਮਿਸਟਰੀ, ਸਮੈਸਟਰ ਚੌਥਾ 1212 | Heterocyclic Chemistry |
| 2. | ਜਸਪ੍ਰੀਤ ਕੌਰ | ਐਮ.ਐਸ.ਸੀ. (ਆਨਰਜ਼ ਸਕੂਲ) ਇਕਨਾਮਿਕਸ, ਸਮੈਸਟਰ ਪਹਿਲਾ 470318 | MSE-103 |
| 3. | ਸੁਮੀਤ ਕੁਮਾਰ | ਬੀ.ਟੈਕ. ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ, ਸਮੈਸਟਰ ਸੱਤਵਾਂ 24034 | CS-402 |

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

46. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | **ਥੀਸਿਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|---|
| 1. | ਕਮਲਪ੍ਰੀਤ ਕੌਰ | ਦੇਵ-ਕਾਵਿ ਦਾ ਮਨੋਵਿਗਿਆਨਕ ਅਧਿਐਨ | ਪੰਜਾਬੀ - ਲੈਂਗੁਏਂਜ਼ਿਜ ਫ਼ੈਕਲਟੀ। |
| 2. | ਰੋਹਿਤ ਸੈਣੀ | Market Structure, Conduct and Performance of Scheduled Commercial Banks in India | ਇਕਨਾਮਿਕਸ- ਇਕਨਾਮਿਕਸ ਤੇ ਬਿਜਨੈਸ ਫ਼ੈਕਲਟੀ। |
| 3. | ਅਸ਼ੀਸ ਕਪੂਰ | Application of Allenes in Organic Synthesis through Cycloadditions | ਫਾਰਮਾਸਿਊਟੀਕਲ ਸਾਇੰਸਜ਼- ਅਪਲਾਈਡ ਸਾਇੰਸਜ਼ ਫ਼ੈਕਲਟੀ। |
| 4. | ਸੁਦੇਸ਼ਨਾ ਚੈਟਰਜੀ | Uttar Bhartiya Shashtriya Sangeet Main Riyasat Rampur Ka Yogdan. | ਮਿਊਜ਼ਿਕ- ਵਿਜ਼ੂਅਲ ਤੇ ਪਰਫਾਰਮਿੰਗ ਆਰਟਸ ਫ਼ੈਕਲਟੀ। |
| 5. | ਵੰਦਨਾ | Stock Market Anomalies: An Indian Evidence. | ਕਮਰਸ- ਇਕਨਾਮਿਕਸ ਤੇ ਬਿਜਨੈਸ ਫ਼ੈਕਲਟੀ। |
| 6. | Odoyo S. Fredrick | Growth and Performance of General Insurance Sector in India. | - ਉਹੀ - |
| 7. | ਮਨਜਿੰਦਰ ਕੋਰ | Impact of Foreign Portfolio Investment on Indian Capital Market and Macro Economic Stability. | - ਉਹੀ - |

| | | | |
|---|---|---|---|
| 8. | ਰਾਜ ਕੁਮਾਰ | ਭਗਤਾਂ ਅਤੇ ਭੱਟਾਂ ਦੀ ਬਾਣੀ ਦੀਆਂ ਸੰਚਾਰ ਜੁਗਤਾਂ: ਤੁਲਨਾਤਮਕ ਅਧਿਐਨ | ਪੰਜਾਬੀ – ਲੈਂਗੂਏਂਜ਼ਿਜ ਫ਼ੈਕਲਟੀ। |
| 9. | ਅਤੁਲ ਭਾਰਦਵਾਜ | Syntheses of Polysubstituted Tetrahydropyrans and their Evaluations for COX-1/2 inhibitions. | ਕਮਿਸਟਰੀ– ਸਾਇੰਸਜ਼ ਫ਼ੈਕਲਟੀ। |

**ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸ ਜਲੰਧਰ ਅਤੇ ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ ਵਿਖੇ ਨਕਾਰਾ ਅਤੇ ਨਾ ਵਰਤੋਂ ਯੋਗ ਬੱਸਾਂ ਅਤੇ ਕਾਰਾਂ ਨੂੰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।**

47. ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸ ਜਲੰਧਰ ਅਤੇ ਏ.ਐਸ.ਐਸ.ਐਮ.ਕਾਲਜ, ਮੁਕੰਦਪੁਰ ਵਿਖੇ ਹੇਠ ਲਿਖੇ ਅਨੁਸਾਰ ਬੱਸਾਂ ਅਤੇ ਕਾਰਾਂ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਾਵਰਤੋ ਯੋਗ ਅਤੇ ਨਾਕਾਰਾ ਹੋ ਚੁਕੀਆਂ ਹਨ, ਨੂੰ ਯੂਨਵਿਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b) ਅਧੀਨ ਵੱਟੇ-ਖਾਤੇ ਪਾਉਣ ਤੇ ਵਿਚਾਰ ਹੋਈ:-

1. Bus No. PB02 D- 9814
2. Bus No. PB32 A- 2436 at Mukandpur
3. Bus No. PJE 5294 at REC, Jalandhar
4. Car PB02 D-0011 at GNDU Campus

**ਪਾਸ ਹੋਇਆ** ਕਿ ਉਕਤ ਵੇਰਵੇ ਅਨੁਸਾਰ ਨਾਵਰਤੋਂਯੋਗ ਅਤੇ ਨਕਾਰਾ ਬੱਸਾਂ ਅਤੇ ਕਾਰਾਂ, ਜਿਨ੍ਹਾਂ ਦੀ ਕੀਮਤ 1533411/- ਰੁਪਏ ਬਣਦੀ ਹੈ, ਨੂੰ ਵੱਟੇ ਖਾਤੇ ਪਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਏਜੰਡਾ ਖਤਮ ਹੋਣ ਉਪਰੰਤ ਵਾਈਸ-ਚਾਂਲਸਰ ਸਾਹਿਬ ਨੇ ਹੇਠ ਲਿਖੇ ਅਨੁਸਾਰ ਸਿੰਡੀਕੇਟ ਨੂੰ ਜਾਣਕਾਰੀ ਦਿੱਤੀ:-

(I) ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੀ 40ਵੀਂ ਸਲਾਨਾ ਰਿਪੋਰਟ, ਜਿਸ ਦੀ ਕਾਪੀ ਮੈਂਬਰ ਸਾਹਿਬਾਨ ਨੂੰ ਪਹਿਲਾਂ ਹੀ ਭੇਜੀ ਹੋਈ ਹੈ, ਸੈਨੇਟ ਵੱਲੋਂ ਅੱਜ ਸਵੇਰੇ ਆਪਣੀ ਇੱਕਤਰਤਾ ਵਿਚ ਪਰਵਾਨ ਕਰ ਲਈ ਗਈ ਹੈ।

(II)ਮਾਨਯੋਗ ਗਵਰਨਰ ਪੰਜਾਬ ਅਤੇ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ ਉਨ੍ਹਾਂ ਦੀ ਉਘੀ ਸ਼ਖਸ਼ੀਅਤ ਅਤੇ ਪ੍ਰਾਪਤੀਆ ਸਦਕਾ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ‘ਤੇ ਹਰੇਕ ਅੱਗੇ ਦਰਸਾਏ ਅਨੁਸਾਰ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਗਈ ਹੈ:-

| | |
|---|---|
| 1. Prof. Alexander Pines, University of California, Berkeley, USA. | Doctor of Science in the Faculty of Sciences |
| 2. Dr. Dalip Kaur Tiwana, Punjabi University, Patiala. | Doctor of Literature in the Faculty of Languages |

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

ਇੰਦਰਜੀਤ ਸਿੰਘ
ਰਜਿਸਟਰਾਰ

<u>ਪੱਕੀ ਕੀਤੀ ਗਈ</u>

ਸਹੀ/-

(ਏ.ਐਸ. ਬਰਾੜ)
ਵਾਈਸ-ਚਾਂਸਲਰ